SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 109 | Tuesday, June 06, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਮੰਗਾਂ ਨਾ ਮੰਨੇ ਜਾਣ ਉੱਤੇ ਬਜਟ ਬਿੱਲ ਨੂੰ ਆਸਾਨੀ ਨਾਲ ਪਾਸ ਨਹੀਂ ਹੋਣ ਦੇਵਾਂਗੇ : ਪੌਲੀਏਵਰ



ਓਟਵਾ, 5 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਵੱਲੋਂ ਇਹ ਧਮਕੀ ਦਿੱਤੀ ਗਈ ਹੈ ਕਿ ਜੇ ਲਿਬਰਲਾਂ ਵੱਲੋਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਹਾਊਸ ਆਫ ਕਾਮਨਜ਼ ਵਿੱਚ ਪੇਸ਼ ਫੈਡਰਲ ਬਜਟ ਬਿੱਲ ਨੂੰ ਉਹ ਆਸਾਨੀ ਨਾਲ ਪਾਸ ਨਹੀਂ ਹੋਣ ਦੇਣਗੇ।

ਸੋਮਵਾਰ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਪੌਲੀਏਵਰ ਨੇ ਆਖਿਆ ਕਿ ਜੇ ਸਰਕਾਰ ਇਸ ਬਿੱਲ ਵਿੱਚ ਦੇਰ ਹੋਣ ਤੋਂ ਰੋਕਣਾ ਚਾਹੁੰਦੀ ਹੈ ਤਾਂ ਉਸ ਨੂੰ ਮਹਿੰਗਾਈ ਨੂੰ ਠੱਲ੍ਹ ਪਾਉਣ ਤੇ ਵਿਆਜ਼ ਦਰਾਂ ਘਟਾਉਣ ਲਈ ਕੋਈ ਪਲੈਨ ਪੇਸ਼ ਕਰਨਾ ਹੋਵੇਗਾ। ਆਪਣੀਆਂ ਇਹ ਦੋ ਸ਼ਰਤਾਂ ਰੱਖਣ ਤੋਂ ਇਲਾਵਾ ਪੌਲੀਏਵਰ ਨੇ ਆਖਿਆ ਕਿ ਲਿਬਰਲਾਂ ਨੂੰ ਭਵਿੱਖ ਵਿੱਚ ਕਾਰਬਨ ਸਬੰਧੀ ਕੀਮਤਾਂ ਵਿੱਚ ਵਾਧੇ ਨੂੰ ਵੀ ਰੋਕਣਾ ਹੋਵੇਗਾ।

ਇਸ ਉਪਰੰਤ ਪੌਲੀਏਵਰ ਨੇ ਆਖਿਆ ਕਿ ਜੇ ਸਰਕਾਰ ਉਨ੍ਹਾਂ ਦੀਆਂ ਇਹ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ ਬਜਟ ਨੂੰ ਪਾਸ ਹੋਣ ਤੋਂ ਰੋਕਣ ਲਈ ਉਹ ਹਰ ਹੀਲਾ ਵਰਤਣਗੇ। ਉਨ੍ਹਾਂ ਆਖਿਆ ਕਿ ਇਸ ਵਿੱਚ ਕਈ ਤਰ੍ਹਾਂ ਦੀਆਂ ਸੋਧਾਂ ਤੇ ਲੰਮੇਂ ਲੰਮੇਂ ਭਾਸ਼ਣ ਸ਼ਾਮਲ ਹੋਣਗੇ। ਪੌਲੀਏਵਰ ਵੱਲੋਂ ਇਹ ਧਮਕੀ ਉਸ ਸਮੇਂ ਦਿੱਤੀ ਗਈ ਹੈ ਜਦੋਂ ਐਮਪੀਜ਼ ਗਰਮੀਆਂ ਦੀਆਂ ਛੁੱਟੀਆਂ ਲਈ ਤਿਆਰੀ ਕਰ ਰਹੇ ਹਨ। ਇਹ ਛੁੱਟੀਆਂ 23 ਜੂਨ ਤੋਂ ਸ਼ੁਰੂ ਹੋਣ ਜਾ ਰਹੀਆਂ ਹਨ।

## ਚਾਓ ਅਜੇ ਵੀ ਚੱਲ ਰਹੇ ਹਨ ਸਾਰਿਆਂ ਨਾਲੋਂ ਮੂਹਰੇ



ਟੋਰਾਂਟੋ, 5 ਜੂਨ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਦੇ ਅਹੁਦੇ ਦੀਆਂ ਚੋਣਾਂ ਵਿੱਚ ਤਿੰਨ ਹਫਤੇ ਦਾ ਸਮਾਂ ਰਹਿ ਗਿਆ ਹੈ ਤੇ ਅਜਿਹੇ ਵਿੱਚ ਵੀ ਓਲੀਵੀਆ ਚਾਓ ਦੀ ਚੜ੍ਹਤ ਬਰਕਰਾਰ ਹੈ।

ਫਰਮ ਰਿਸਰਚ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਅਨੁਸਾਰ ਚਾਓ ਨੂੰ ਇਸ ਸਮੇਂ ਤੈਅਸ਼ੁਦਾ ਵੋਟਰਾਂ ਦਾ 38 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਤੇ ਇਨ੍ਹਾਂ ਵਿੱਚੋਂ ਕੁੱਝ ਅਜਿਹੇ ਵੀ ਹਨ ਜਿਨ੍ਹਾਂ ਦਾ ਝੁਕਾਅ ਚਾਓ ਵੱਲ ਹੈ। ਫੋਰਮ ਰਿਸਰਚ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ 1,032 ਟੋਰਾਂਟੋ ਵਾਸੀਆਂ ਉੱਤੇ ਕੀਤੇ ਗਏ ਸਰਵੇਖਣ ਅਨੁਸਾਰ ਪਹਿਲਾਂ ਤੋਂ ਹੀ ਸੱਭ ਤੋਂ ਮੂਹਰੇ ਚੱਲ ਰਹੀ ਓਲੀਵੀਆ ਚਾਓ ਨੂੰ ਪਿਛਲੇ ਹਫਤੇ ਦੇ ਮੁਕਾਬਲੇ ਚਾਰ ਫੀ ਸਦੀ ਵੋਟਰਾਂ ਦਾ ਹੋਰ ਸਮਰਥਨ ਹਾਸਲ ਹੋਇਆ ਹੈ।

ਇਸ ਸਰਵੇਖਣ ਅਨੁਸਾਰ ਮਾਰਕ ਸਾਂਡਰਸ 13 ਫੀ ਸਦੀ ਨਾਲ ਦੂਜੇ ਤੇ ਜੋਸ਼ ਮੈਟਲੋਅ 12 ਫੀ ਸਦੀ ਸਮਰਥਨ ਨਾਲ ਤੀਜੇ ਸਥਾਨ ਉੱਤੇ ਚੱਲ ਰਹੇ ਹਨ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਹਰੇਕ 5 ਵਿੱਚੋਂ ਇੱਕ ਅਜੇ ਤੱਕ ਇਹ ਤੈਅ ਨਹੀਂ ਕਰ ਪਾਇਆ ਕਿ ਉਹ ਕਿਸ ਉਮੀਦਵਾਰ ਉੱਤੇ ਆਪਣਾ ਦਾਅ ਲਾਵੇਗਾ। ਲਗਾਤਾਰ ਤੀਜੇ ਹਫਤੇ ਸਾਂਡਰਸ ਤੇ ਮੈਟਲੋਅ ਵਿਚਾਲੇ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਪਰ ਦੋਵਾਂ ਦਰਮਿਆਨ ਇਸ ਕਸ਼ਮਕਸ਼ ਦਾ ਚਾਓ ਦੀ ਚੜ੍ਹਤ ਉੱਤੇ ਕੋਈ ਅਸਰ ਨਹੀਂ ਪਿਆ ਹੈ।

ਚੌਥੇ ਸਥਾਨ ਉੱਤੇ ਐਂਥਨੀ ਫੁਰੇ ਚੱਲ ਰਹੇ ਹਨ। ਜੇ ਸਿਖਰਲੇ ਸੱਤ ਉਮੀਦਵਾਰਾਂ ਦੀ ਗੱਲ ਕੀਤੀ ਜਾਵੇ ਤਾਂ ਉੱਤੇ ਦੱਸੇ ਗਏ ਉਮੀਦਵਾਰਾਂ ਤੋਂ ਬਾਅਦ ਤਰਤੀਬ ਇਸ ਤਰ੍ਹਾਂ ਹੈ ਐਨਾ ਬਾਇਲਾਓ ਨੂੰ ਅੱਠ ਫੀ ਸਦੀ ਸਮਰਥਨ, ਮਿਤਜ਼ੀ ਹੰਟਰ ਨੂੰ ਸੱਤ ਫੀ ਸਦੀ ਸਮਰਥਨ, ਬ੍ਰੈਡ ਬ੍ਰੈੱਡਫੋਰਡ ਨੂੰ ਪੰਜ ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਹੰਟਰ ਦੀ ਮਕਬੂਲੀਅਤ ਵਿੱਚ ਪਿਛਲੇ ਹਫਤੇ ਦੇ ਮੁਕਾਬਲੇ ਕਮੀ ਦਰਜ ਕੀਤੀ ਗਈ ਹੈ।

## ਅਮਰੀਕੀ ਡਰਾਈਵਰ ਕੋਲੋਂ ਮਿਲੀ 181 ਕਿੱਲੋ ਮੈਰੀਯੁਆਨਾ ਤੇ 6 ਲੱਖ ਦੀ ਨਕਦੀ



ਓਨਟਾਰੀਓ, 5 ਜੂਨ (ਪੋਸਟ ਬਿਊਰੋ) : ਗਲਤ ਮੋੜ ਲੈਣ ਉਪਰੰਤ ਕੈਨੇਡੀਅਨ ਬਾਰਡਰ ਨੂੰ ਪਾਰ ਕਰਨ ਲਈ ਲਾਈਨ ਵਿੱਚ ਲੱਗਣ ਵਾਲੇ ਇੱਕ ਅਮਰੀਕੀ ਡਰਾਈਵਰ ਨੂੰ ਆਰਸੀਐਮਪੀ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਉਸ ਕੋਲੋਂ ਹਜ਼ਾਰਾਂ ਡਾਲਰ ਦੀ ਕੀਮਤ ਦੀ ਮੈਰੀਯੁਆਨਾ ਤੇ ਵੱਡੀ ਮਾਤਰਾ ਵਿੱਚ ਨਕਦੀ ਵੀ ਬਰਾਮਦ ਹੋਈ ਹੈ।

ਆਰਸੀਐਮਪੀ ਅਨੁਸਾਰ ਸ਼ੁੱਕਰਵਾਰ ਨੂੰ ਇਹ 60 ਸਾਲਾ ਡਰਾਈਵਰ ਜੀਪੀਐਸ ਨਾਲ ਤਾਲਮੇਲ ਬਿਠਾ ਕੇ ਅੱਗੇ ਵੱਧ ਰਿਹਾ ਸੀ ਕਿ ਅਚਾਨਕ ਗਲਤ ਮੋੜ ਲੈ ਕੇ ਬਾਰਡਰ ਪਾਰ ਕਰਨ ਲਈ ਨਾਇਗਰਾ ਫਾਲਜ਼, ਓਨਟਾਰੀਓ ਵਿੱਚ ਰੇਨਬੋਅ ਬ੍ਰਿੱਜ ਦੇ ਪੋਰਟ ਆਫ ਐਂਟਰੀ ਵਾਲੀ ਲਾਈਨ ਵਿੱਚ ਆ ਲੱਗਿਆ। ਇੱਥੇ ਚੱਤੋ ਪਹਿਰ ਨਿਗਰਾਨੀ ਲਈ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਤਾਇਨਾਤ ਰਹਿੰਦੀ ਹੈ। ਜਦੋਂ ਡਰਾਈਵਰ ਦੀ ਜਾਂਚ ਕੀਤੀ ਗਈ ਤਾਂ ਉਸ ਕੋਲ ਕੋਈ ਪਾਸਪੋਰਟ ਨਹੀਂ ਸੀ, ਇਸ ਲਈ ਉਸ ਨੂੰ ਦੂਜੀ ਜਾਂਚ ਲਈ ਭੇਜਿਆ ਗਿਆ। ...ਬਾਕੀ ਪੰਨਾ 2 'ਤੇ

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

OURR HOME & APPLIANCES
"Ourr Home In Every Home"
GET SPECIAL DISCOUNTS ON PACKAGES
HOT SUMMER Deal $1699*
SWASH The Perfect Laundry Pairing
JENNAIR LUXURY REDEFINED
REWARD YOURSELF
15% OFF 20% OFF 25% OFF
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਜ਼ਖ਼ਮੀ




ਟੋਰਾਂਟੋ, 5 ਜੂਨ (ਪੋਸਟ ਬਿਊਰੋ) : ਸੋਮਵਰ ਸ਼ਾਮ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਹੋਈ ਸ਼ੂਟਿੰਗ ਮਗਰੋਂ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਪੁਲਿਸ ਨੂੰ ਇਹ ਜਾਣਕਾਰੀ ਮਿਲੀ ਕਿ ਸ਼ਾਮੀਂ 6:00 ਵਜੇ ਤੋਂ ਠੀਕ ਬਾਅਦ ਕੀਲ ਸਟਰੀਟ ਤੇ ਕਿੰਗ ਜਾਰਜ ਡਰਾਈਵ ਇਲਾਕੇ ਵਿੱਚ ਕਿਸੇ ਨੂੰ ਗੋਲੀ ਮਾਰ ਦਿੱਤੀ ਗਈ ਹੈ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਪੈਰਾਮੈਡਿਕਸ ਵੱਲੋਂ ਐਮਰਜੰਸੀ ਰੰਨ ਰਾਹੀਂ ਹਸਪਤਾਲ ਲਿਜਾਇਆ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਵੱਲੋਂ ਲੋਕਾਂ ਨੂੰ ਅਹਿਤਿਆਤ ਵਰਤਣ ਲਈ ਆਖਿਆ ਜਾ ਰਿਹਾ ਹੈ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਹਲਾਕ



ਵਾਅਨ, 5 ਜੂਨ (ਪੋਸਟ ਬਿਊਰੋ) : ਹਾਈਵੇਅ 427 ਉੱਤੇ ਕਈ ਗੱਡੀਆਂ ਦਰਮਿਆਨ ਹੋਈ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਹਾਈਵੇਅ 407 ਨੇੜੇ ਹਾਈਵੇਅ ਦੀਆਂ ਉੱਤਰ ਵਾਲੀਆਂ ਲੇਨਜ਼ ਵਿੱਚ ਹੋਏ ਇਸ ਹਾਦਸੇ ਵਿੱਚ ਇੱਕ ਟਰਾਂਸਪੋਰਟ ਟਰੱਕ ਵੀ ਸ਼ਾਮਲ ਸੀ ਤੇ ਇਸ ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਸਵੇਰੇ 10:00 ਵਜੇ ਮੌਕੇ ਉੱਤੇ ਪਹੁੰਚੀ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਬਾਅਦ ਵਿੱਚ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਮਿਲੀ ਹੈ। ਜਾਂਚ ਲਈ ਫਿੰਚ ਐਵਨਿਊ ਵਿਖੇ ਹਾਈਵੇਅ 427 ਦੀਆਂ ਸਾਰੀਆਂ ਉੱਤਰ ਵਾਲੀਆਂ ਲੇਨਜ਼ ਨੂੰ ਬੰਦ ਕਰ ਦਿੱਤਾ ਗਿਆ। ਮੋਟਰਿਸਟਸ ਨੂੰ ਇਸ ਇਲਾਕੇ ਵੱਲ ਨਾ ਆਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

## ਕਤਲ ਦੇ ਸਬੰਧ ਵਿੱਚ ਇੱਕ ਮਸ਼ਕੂਕ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 5 ਜੂਨ (ਪੋਸਟ ਬਿਊਰੋ) :ਕੌਲਿੰਗਵੁੱਡ ਵਿੱਚ 33 ਸਾਲਾ ਵਿਅਕਤੀ ਦੇ ਕਤਲ ਦੇ ਸਬੰਧ ਵਿੱਚ ਇੱਕ ਮਸ਼ਕੂਕ ਨੂੰ ਚਾਰਜ ਕੀਤਾ ਗਿਆ ਹੈ। ਇਸ ਵਿਅਕਤੀ ਦਾ ਕਤਲ ਸ਼ੁੱਕਰਵਾਰ ਰਾਤ ਨੂੰ ਹੋਇਆ ਸੀ।



ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀਆਂ ਨੂੰ ਰਾਤੀਂ 10:45 ਉੱਤੇ ਇੱਕ ਘਰ ਤੋਂ ਕਿਸੇ ਤਰ੍ਹਾਂ ਦੀ ਗੜਬੜ ਦੀਆਂ ਖਬਰਾਂ ਮਿਲੀਆਂ। ਉਨ੍ਹਾਂ ਦੱਸਿਆ ਕਿ ਇਹ ਘਰ ਮੈਥਿਊ ਵੇਅ ਉੱਤੇ ਸਥਿਤ ਸੀ। ਕੁੱਝ ਸਮੇਂ ਬਾਅਦ ਹੀ ਕਤਲ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਗਈ। ਉਸ ਸਮੇਂ ਪੁਲਿਸ ਨੇ ਦੱਸਿਆ ਕਿ ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ। ਇੱਕ ਨਿਊਜ਼ ਰਲੀਜ਼ ਵਿੱਚ ਜਾਂਚਕਾਰਾਂ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕਲੀਅਰਵਿਊ ਟਾਊਨਸ਼ਿਪ, ਓਨਟਾਰੀਓ ਦੇ 33 ਸਾਲਾ ਡਸਟਿਨ ਲੀਬਲੌਂਡ ਵਜੋਂ ਕੀਤੀ ਗਈ।

ਜਾਂਚ ਦੇ ਨਤੀਜੇ ਵਜੋਂ ਵਸਾਗਾ ਬੀਚ ਦੇ 43 ਸਾਲਾ ਜੈਫਰੀ ਯੰਗ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦੇ ਚਾਰਜਿਜ਼ ਲਾਏ ਗਏ ਹਨ। ਉਸ ਨੂੰ ਹਾਲ ਦੀ ਘੜੀ ਹਿਰਾਸਤ ਵਿੱਚ ਹੀ ਰੱਖਿਆ ਗਿਆ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਮਸ਼ਕੂਕ ਤੇ ਮ੍ਰਿਤਕ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਅੱਜ ਨਾਮਾ

ਮਾਨਤਾ ਰੱਦ ਹੋ ਗਈ ਕਈਆਂ ਕਾਲਜਾਂ ਦੀ,
ਆਇਆ ਕੇਂਦਰ ਦਾ ਨਵਾਂ ਫੁਰਮਾਨ ਮੀਆਂ।
ਜਿਹੜੇ ਡਾਕਟਰ ਬਣਾਉਣ ਲਈ ਗਏ ਖੋਲ੍ਹੇ,
ਚਲਾ ਰਹੇ ਵਾਂਗ ਸਨ ਸਿਰਫ ਦੁਕਾਨ ਮੀਆਂ।
ਅੰਬਾਰ ਦੌਲਤ ਦਾ ਲਾਉਣ ਉਹ ਰਹੇ ਲੱਗੇ,
ਕੀਤਾ ਏ ਦੇਸ਼ ਦਾ ਬਹੁਤ ਨੁਕਸਾਨ ਮੀਆਂ।
ਮਿਲੀਆਂ ਢਿੱਲਾਂ-ਲਿਹਾਜ ਨਾਲ ਚੱਲਦੇ ਰਹੇ,
ਛਕ ਲਿਆ ਵੇਚ ਸਭ ਦੀਨ-ਈਮਾਨ ਮੀਆਂ।
ਖੁੱਲ੍ਹ ਗਈ ਗੱਲ ਤਾਂ ਪਈ ਫਿਰ ਚੋਟ ਤਕੜੀ,
ਖਬਰੇ ਹੁਕਮ ਅਗਲਾ ਕਿਹੜਾ ਆਊ ਮੀਆਂ।
ਕੀਤੜੀ ਪਹੁੰਚ ਜਾਂ ਪੈਸੇ ਦੀ ਹੋਈ ਛਹਿਬਰ,
ਲੱਗ ਗਿਆ ਦਾਅ ਤੇ ਖੇਡ ਪਲਟਾਊ ਮੀਆਂ।

**ਤੀਸ ਮਾਰ ਖਾਂ**

## 'ਆਪ' ਵਿਧਾਇਕ ਦਲਬੀਰ ਸਿੰਘ ਟੌਂਗ ਦੀ ਗੱਡੀ ਹਾਦਸਾਗ੍ਰਸਤ, ਇਕ ਵਿਅਕਤੀ ਦੀ ਮੌਤ

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ): ਬਾਬਾ ਬਕਾਲਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਜੋ ਕਿ ਜਲੰਧਰ ਤੋਂ ਚੰਡੀਗੜ੍ਹ ਜਾ ਰਹੇ ਸਨ, ਇਸ ਦੌਰਾਨ ਉਨ੍ਹਾਂ ਦੀ ਗੱਡੀ ਦੀ ਸਾਹਮਣੇ ਤੋਂ ਆ ਰਹੀ ਸਵਿਫਟ ਕਰ ਨਾਲ ਟੱਕਰ ਹੋ ਗਈ। ਇਹ ਹਾਦਸਾ ਨਵਾਂ ਸ਼ਹਿਰ ਦੇ ਲੰਗੜੋਆ ਬਾਈਪਾਸ ਕੋਲ ਵਾਪਰਿਆ ਹੈ। ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਗੱਡੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਅਤੇ ਸਵਿਫਟ ਡਿਜ਼ਾਇਰ ਗੱਡੀ 'ਚ ਸਵਾਰ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਦਰਸ਼ਨ ਸਿੰਘ ਵਜੋਂ ਹੋਈ ਹੈ। ਜਦਕਿ ਵਿਧਾਇਕ ਸਮੇਤ ਦੋ ਜਣੇ ਜ਼ਖਮੀ ਹੋ ਗਏ ਹਨ। ਹਾਦਸੇ ਤੋਂ ਬਾਅਦ ਜਖ਼ਮੀ ਹਾਲਤ 'ਚ ਵਿਧਾਇਕ ਨੂੰ ਪਹਿਲਾਂ ਸਿਵਲ ਹਸਪਤਾਲ 'ਚ ਲਿਜਾਇਆ ਗਿਆ ਅਤੇ ਬਾਅਦ 'ਚ ਉਨ੍ਹਾਂ ਨੂੰ ਅੰਮ੍ਰਿਤਸਰ ਮੈਡੀਕਲ ਕਾਲਜ 'ਚ ਰੈਫ਼ਰ ਕਰ ਦਿੱਤਾ ਗਿਆ।

## ਅਮਰੀਕੀ ਡਰਾਈਵਰ ਕੋਲੋਂ ਮਿਲੀ 181 ਕਿੱਲੋ ਮੈਰੀਯੁਆਨਾ ਤੇ 6 ਲੱਖ ਦੀ ਨਕਦੀ

ਪੰਨਾ 1 ਦਾ ਬਾਕੀ

ਇੱਕ ਪ੍ਰੈੱਸ ਰਲੀਜ਼ ਵਿੱਚ ਆਰਸੀਐਮਪੀ ਨੇ ਦੱਸਿਆ ਕਿ ਜਾਂਚ ਦੌਰਾਨ ਡਰਾਈਵਰ ਕੋਲੋਂ ਸੀਬੀਐਸਏ ਦੇ ਅਧਿਕਾਰੀਆਂ ਨੂੰ 181 ਕਿੱਲੋ ਮੈਰੀਯੁਆਨਾ (ਜਿਸ ਦੀ ਕੀਮਤ 362,000 ਕੈਨੇਡੀਅਨ ਡਾਲਰ ਤੋਂ 724,000 ਕੈਨੇਡੀਅਨ ਡਾਲਰ ਦਰਮਿਆਨ ਸੀ) ਤੇ 600,000 ਅਮਰੀਕੀ ਡਾਲਰ ਨਕਦ ਫੜ੍ਹੇ ਗਏ।

ਇਸ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਕੋਲੋਂ ਨਕਦੀ ਤੇ ਮੈਰੀਯੁਆਨਾ ਜ਼ਬਤ ਕਰ ਲਈ ਗਈ। ਇਹ ਚੀਜ਼ਾਂ ਗੱਡੀ ਵਿੱਚ ਵੱਖ ਵੱਖ ਥਾਂਵਾਂ ਉੱਤੇ ਲਕੋਈਆਂ ਗਈਆਂ ਸਨ। ਮੈਰੀਯੁਆਨਾ ਨੂੰ ਵੈਕਿਊਮ ਪੈਕ ਕਰਕੇ ਕਈ ਡੱਬਿਆਂ ਵਿੱਚ ਗੱਡੀ ਵਿੱਚ ਵੱਖ ਵੱਖ ਥਾਂਵਾਂ ਉੱਤੇ ਰੱਖਿਆ ਗਿਆ ਸੀ। ਇਸੇ ਤਰ੍ਹਾਂ ਨਕਦੀ ਵੀ ਕਈ ਵੱਖ ਵੱਖ ਬੰਡਲ ਬਣਾ ਕੇ ਸੇਫ, ਸੂਟਕੇਸ ਤੇ ਪੈਲੀਕਨ ਕੇਸ ਵਿੱਚ ਰੱਖੀ ਹੋਈ ਸੀ। ਇਸ ਸਬੰਧ ਵਿੱਚ ਟਸਟਿਨ, ਕੈਲੇਫੋਰਨੀਆ ਦੇ ਐਂਡਰਿਊ ਲੀ ਟੌਪਨਬਰਗ ਨੂੰ ਵੰਡਣ ਦੇ ਇਰਾਦੇ ਨਾਲ ਮੈਰੀਯੁਆਨਾ ਰੱਖਣ, ਕੈਨਾਬਿਸ ਐਕਟ ਦੇ ਉਲਟ 181 ਕਿੱਲੋ ਕੈਨਾਬਿਸ ਰੱਖਣ, 5000 ਡਾਲਰ ਤੋਂ ਵੱਧ ਮੁੱਲ ਦੀ ਜੁਰਮ ਨਾਲ ਕਮਾਈ ਗਈ ਨਕਦੀ ਰੱਖਣ ਲਈ ਚਾਰਜ ਕੀਤਾ ਗਿਆ ਹੈ।

ਇਸ ਉੱਤੇ ਫੈਡਰਲ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਕੈਨੇਡੀਅਨਜ਼ ਦੀ ਸੇਫਟੀ ਤੇ ਸਕਿਊਰਿਟੀ ਸਾਡੀ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਲਈ ਸੀਬੀਐਸਏ ਤੇ ਆਰਸੀਐਮਪੀ ਵੱਲੋਂ ਮੁਸਤੈਦੀ ਨਾਲ ਕੀਤੇ ਜਾ ਰਹੇ ਕੰਮ ਦੀ ਉਨ੍ਹਾਂ ਸ਼ਲਾਘਾ ਵੀ ਕੀਤੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca


ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

ਮੇਰੀ ਪਾਕਿਸਤਾਨ ਫੇਰੀ-11
ਡਾ. ਸੁਖਦੇਵ ਸਿੰਘ ਝੰਡ
ਫੋਨ:+1 97798-80184

# ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਤੇ ਸਿਵਲ ਅਫ਼ਸਰ ਸੰਨਾ ਰਾਮ ਚੰਦਰ ਨਾਲ ਮੁਲਾਕਾਤ













ਲਹਿੰਦੇ ਪੰਜਾਬ ਵਿੱਚ ਵਿਚਰਦਿਆਂ ਗਿਆਰ੍ਹਵੇਂ ਦਿਨ ਅਸੀਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਇਹ ਪਾਵਨ ਗੁਰਦੁਆਰਾ ਸਾਹਿਬ ਲਹਿੰਦੇ ਪੰਜਾਬ ਦੇ ਸ਼ਹਿਰ ਹਸਨ ਅਬਦਾਲ 'ਚ ਸਥਿਤ ਹੈ ਅਤੇ ਪ੍ਰਚੱਲਤ ਇਤਿਹਾਸ ਅਨੁਸਾਰ ਇੱਥੇ ਭਾਈ ਮਰਦਾਨਾ ਜੀ ਨੂੰ ਲੱਗੀ ਹੋਈ ਸਖ਼ਤ ਪਿਆਸ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਉਚੀ ਪਹਾੜੀ 'ਤੇ ਸਥਿਤ ਵਲੀ ਕੰਧਾਰੀ ਦੇ ਚਸ਼ਮੇਂ ਦਾ ਪਾਣੀ ਆਪਣੇ ਕੋਲ ਪਏ ਇਕ ਛੋਟੇ ਜਿਹੇ ਨੂੰ ਹਟਾ ਕੇ ਮਿਟਾਈ ਸੀ ਅਤੇ ਉਸ ਦੇ ਵੱਲੋਂ ਉੱਚੀ ਪਹਾੜੀ ਤੋਂ ਰੇੜ੍ਹਿਆ ਗਿਆ ਵੱਡਾ ਸਾਰਾ ਪੱਥਰ ਆਪਣੇ ਹੱਥ ਨਾਲ ਰੋਕਿਆ ਸੀ। ਬਚਪਨ ਵਿਚ ਇਹ ਸਾਖੀ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬਾਂ 'ਤੇ ਸਜਾਏ ਗਏ ਦੀਵਾਨਾਂ ਵਿੱਚ ਕਈ ਵਾਰ ਸੁਣੀ ਸੀ ਅਤੇ ਉਸ ਸਮੇਂ ਬਾਲ-ਮਨ 'ਤੇ ਉੱਕਰੇ ਹੋਏ ਉਸ 'ਸੀਨ' ਨੂੰ ਅੱਖੀਂ ਵੇਖਣ ਲਈ ਡਾਹਡਾ ਮਨ ਕਰਦਾ ਸੀ। ਹਸਨ ਅਬਦਾਲ ਲਾਹੌਰ ਤੋਂ ਲੱਗਭੱਗ 400 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਲਾਹੌਰ-ਇਸਲਾਮਾਬਾਦ ਮੋਟਰਵੇਅ 'ਐੱਮ-2' 'ਤੇ ਕਾਰ ਰਾਹੀਂ ਉੱਥੇ ਪਹੁੰਚਣ ਲਈ ਪੰਜ-ਛੇ ਘੰਟੇ ਲੱਗ ਜਾਂਦੇ ਹਨ। ਇਸ ਲਈ ਇੱਕ ਦਿਨ ਵਿੱਚ ਮੋੜਵਾਂ ਪੈਂਡਾ ਕਰਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਉੱਥੋਂ ਵਾਪਸ ਮੁੜਨਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਅਸੀਂ ਇਹ ਪ੍ਰੋਗਰਾਮ ਦੋ-ਦਿਨ ਦਾ ਬਣਾ ਲਿਆ। ਸੋਚਿਆ, ਰਾਤ ਉੱਥੇ ਗੁਰਦੁਆਰਾ ਸਾਹਿਬ ਵਿਖੇ ਠਹਿਰਾਂਗੇ ਅਤੇ ਅਗਲੇ ਦਿਨ ਪਾਕਿ-ਸਤਾਨ ਦੀ ਰਾਜਧਾਨੀ ਇਸਲਾਮਾਬਾਦ ਅਤੇ ਇਸ ਦੇ ਨਾਲ ਜੁੜਵਾਂ ਪੁਰਾਣਾ ਸ਼ਹਿਰ ਰਾਵਲਪਿੰਡੀ ਵੀ ਵੇਖਾਂਗੇ। ਇਸ ਦੇ ਨਾਲ ਹੀ ਉੱਥੋਂ 40 ਕੁ ਕਿਲੋਮੀਟਰ ਦੂਰ ਪੈਂਦਾ ਸ਼ਹਿਰ 'ਤਕਸ਼ਿਲਾ' ਅਤੇ ਉੱਥੇ ਲੱਗਭੱਗ ਤਿੰਨ ਹਜ਼ਾਰ ਸਾਲ ਪੁਰਾਣੀ ਯੂਨੀਵਰਸਿਟੀ ਦੇ ਖੰਡਰ ਵੀ ਵੇਖ ਕੇ ਆਵਾਂਗੇ।

ਪਹਿਲਾਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸਾਡਾ ਇਹ ਟੂਰ 12 ਦਿਨ ਦਾ ਸੀ ਅਤੇ ਉਸ ਦੇ ਅਨੁਸਾਰ 27 ਫ਼ਰਵਰੀ ਨੂੰ ਅਸੀਂ ਵਾਪਸ ਭਾਰਤ ਮੁੜ ਆਉਣਾ ਸੀ। ਪਰ 25 ਫ਼ਰਵਰੀ ਤੱਕ ਕਈ ਮਹੱਤਵਪੂਰਨ ਥਾਵਾਂ ਅਜੇ ਸਾਡੀਆਂ ਵੇਖਣੀਆਂ ਬਾਕੀ ਰਹਿੰਦੀਆਂ ਸਨ। ਇਸ ਲਈ ਅਸੀਂ ਆਪਣਾ ਇਹ ਟੂਰ ਦੋ ਦਿਨ ਲਈ ਹੋਰ ਵਧਾ ਲਿਆ। ਦਰਅਸਲ, ਪਾਕਿਸਤਾਨ ਸਰਕਾਰ ਵੱਲੋਂ ਮਿਲੇ ਹੋਏ ਵੀਜ਼ੇ ਅਨੁਸਾਰ ਅਸੀਂ ਇੱਕ ਮਹੀਨਾ ਇੱਥੇ ਠਹਿਰ ਸਕਦੇ ਸੀ। ਇਸ ਲਈ ਆਪਣੇ ਪ੍ਰੋਗਰਾਮ ਵਿੱਚ ਇਹ ਤਬਦੀਲੀ ਕਰਨ ਵਿਚ ਸਾਨੂੰ ਕੋਈ ਦਿੱਕਤ ਨਹੀਂ ਸੀ। ਨਿਰਧਾਰਿਤ ਪ੍ਰੋਗਰਾਮ ਅਨੁਸਾਰ ਹੋਟਲ ਵਿੱਚੋਂ ਨਾਸ਼ਤਾ ਕਰਕੇ ਅਸੀਂ ਦਸ ਵਜੇ ਆਪਣੀ ਗੱਡੀ ਮੋਟਰਵੇਅ ਐੱਮ-2 'ਤੇ ਪਾ ਲਈ। ਇਹ ਸੜਕੀ ਰਸਤਾ ਬੜੇ ਮਨਮੋਹਕ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ। ਦੋ ਕੁ ਘੰਟੇ ਦਾ ਪੈਂਡਾ ਤੈਅ ਕਰਕੇ ਰਸਤੇ ਵਿੱਚ ਬਣੇ ਖੁੱਲ੍ਹੇ-ਡੁੱਲ੍ਹੇ ਪੜਾਅ 'ਤੇ ਇਕ ਖ਼ੂਬਸੂਰਤ ਰੈਸਟੋਰੈਂਟ ਵਿਚ ਬੈਠ ਕੇ ਚਾਹ ਤੇ ਪਕੌੜੇ ਛਕੇ। ਇੱਥੇ 'ਮੈਕਡੌਨਲਡ', 'ਸਬਵੇਅ', 'ਕੇ.ਸੀ.ਐੱਫ਼.' ਵਰਗੇ ਵਿਦੇਸ਼ੀ ਚੇਨਾਂ ਵਾਲੇ ਰੈਸਟੋਰੈਂਟਾਂ ਦੀਆਂ ਉਨ੍ਹਾਂ ਹੀ ਡੀਜ਼ਾਈਨਾਂ ਵਿੱਚ ਬਣੀਆਂ ਖ਼ੂਬਸੂਰਤ ਇਮਾਰਤਾਂ ਮੌਜੂਦ ਸਨ। ਆਧੁਨਿਕ ਸਹੂਲਤਾਂ ਨਾਲ ਲੈਸ 'ਗੈਸ ਸਟੇਸ਼ਨ' (ਪੈਟਰੋਲ ਪੰਪ), ਸਾਇਬਰ ਕੈਫੇ ਅਤੇ ਹੋਰ ਕਈ ਕੁਝ ਸ਼ਾਮਲ ਸੀ। ਭਾਰਤ ਦੇ ਵੱਡੇ ਸ਼ਹਿਰਾਂ ਵਿਚ ਵੀ ਹੁਣ ਇਹ ਸੱਭ ਉਪਲੱਬਧ ਹੈ। ਇਸ ਲਈ ਇਹ ਵੇਖ ਕੇ ਕੋਈ ਬਹੁਤੀ ਹੈਰਾਨੀ ਤਾਂ ਨਾ ਹੋਈ। ਪਰ ਪਿਛਲੇ ਦਿਨੀਂ ਦੋ-ਤਿੰਨਾਂ ਪਿੰਡਾਂ ਵਿਚ ਜਾ ਕੇ ਅੱਖੀਂ ਵੇਖੀ ਗ਼ਰੀਬੀ ਦੇ ਨਾਲ ਇਸ ਦਾ ਮੁਕਾਬਲਾ ਕਰਦਿਆਂ ਸਾਨੂੰ ਥੋੜ੍ਹਾ ਜਿਹਾ ਅਜੀਬ ਵੀ ਲੱਗ ਰਿਹਾ ਸੀ।

ਰੈਸਟੋਰੈਂਟ ਤੋਂ ਚਾਹ-ਪਾਣੀ ਤੇ ਪਕੌੜੇ ਛਕ ਕੇ ਆਪਣੀ ਅਗਲੀ ਮੰਜ਼ਲ ਵੱਲ ਚੱਲ ਪਏ। ਰਸਤੇ ਵਿੱਚ ਜਿਹਲਮ ਤੇ ਝਨਾਂ ਦਰਿਆਵਾਂ ਦੇ ਵੀ ਦਰਸ਼ਨ ਹੋਏ। ਜਿਹਲਮ ਦਰਿਆ ਵਿੱਚੋਂ ਦੋ ਵੱਡੀਆਂ ਜੌੜੀਆਂ ਨਹਿਰਾਂ 'ਕਾਦੀਰਾਬਾਦ ਬੱਲੋਕੀ ਲਿੰਕ ਕੈਨਾਲ' ਅਤੇ 'ਅੱਪਰ ਗੋਗੇਰਾ ਬਰਾਂਚ ਕੈਨਾਲ' ਕੱਢ ਕੇ ਇਨ੍ਹਾਂ ਨਾਲ ਲਹਿੰਦੇ ਪੰਜਾਬ ਦੀ ਜਰਖੇਜ਼ ਜ਼ਮੀਨ ਨੂੰ ਬਾਖ਼ੂਬੀ ਸਿੰਜਿਆ ਜਾ ਰਿਹਾ ਹੈ। ਇਹ ਦੋਵੇਂ ਨਹਿਰਾਂ ਇੱਕ ਦੂਸਰੀ ਦੇ ਸਮਾ-ਨਅੰਤਰ ਚੱਲ ਕੇ ਕਾਫੀ ਦੂਰੀ ਤੈਅ ਕਰਦੀਆਂ ਹਨ ਅਤੇ ਲਾਹੌਰ ਤੋਂ ਅੱਗੇ ਜਾ ਕੇ ਬਹਾਵਲਪੁਰ ਦੇ ਇਲਾਕੇ ਨੂੰ ਵੀ ਸਿੰਜਦੀਆਂ ਹਨ। ਦੋ ਦਿਨ ਪਹਿਲਾਂ ਹਸਨ ਅਬਦਾਲ ਵਿਖੇ ਗੁਰਦੁਆਰਾ ਸੱਚਾ ਸੌਦਾ ਸਾਹਿਬ ਦੇ ਦਰਸ਼ਨ ਕਰਨ ਜਾਣ ਲੱਗਿਆਂ ਦੌਰਾਨ ਇਨ੍ਹਾਂ ਦੋਵੇਂ ਨਹਿਰਾਂ ਬੜੀ ਨੇੜਿਉਂ ਵੇਖੀਆਂ ਸਨ।

ਝਨਾਂ ਦਰਿਆ ਦਾ ਪੁਲ਼ ਪਾਰ ਕਰਦਿਆਂ ਸੋਹਣੀ-ਮਹੀਂਵਾਲ ਦੇ ਅਟੁੱਟ ਪਿਆਰ ਦਾ ਕਿੱਸਾ ਯਾਦ ਆ ਗਿਆ। ਪ੍ਰਚੱਲਤ ਕਿੱਸੇ ਅਨੁਸਾਰ ਇਸ ਦਰਿਆ ਨੂੰ ਘੜੇ ਦੀ ਸਹਾਇਤਾ ਨਾਲ ਪਾਰ ਕਰਕੇ ਸੋਹਣੀ ਆਪਣੇ ਮਹਿਬੂਬ ਮਹੀਂਵਾਲ ਨੂੰ ਮਿਲਣ ਜਾਂਦੀ ਸੀ ਅਤੇ ਇੱਕ ਦਿਨ ਉਹ ਪੱਕੇ ਘੜੇ ਦੀ ਥਾਂ 'ਤੇ ਆਪਣੀ ਨਣਾਨ ਵੱਲੋਂ ਰੱਖੇ ਗਏ ਕੱਚੇ ਘੜੇ 'ਤੇ ਹੀ ਦਰਿਆ ਵਿੱਚ ਠਿੱਲ੍ਹ ਪਈ ਸੀ। ਕੱਚੇ ਨੇ ਤਾਂ ਆਖ਼ਰ ਕੱਚ ਹੀ ਕਮਾਉਣਾ ਸੀ ਅਤੇ ਉਸ ਨੂੰ ਦਰਿਆ ਦੇ ਅੱਧ-ਵਿਚਕਾਰ ਹੀ ਡੋਬ ਦਿੱਤਾ। ਇਸ ਦੇ ਨਾਲ ਹੀ ਇੱਕ ਸੁਆਲ ਮਨ ਵਿੱਚ 'ਚ ਆਇਆ ਕਿ ਸੋਹਣੀ ਹੀ ਕਿਉਂ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਂਦੀ ਸੀ, ਉਹ ਕਿਉਂ ਨਹੀਂ ਸੀ ਮਿਲਣ ਆਉਂਦਾ ਸੋਹਣੀ ਨੂੰ? ...ਤੇ ਨਾਲ ਹੀ ਇਸ ਦਾ ਜੁਆਬ ਵੀ ਆ ਗਿਆ ਕਿ ਹੋ ਸਕਦਾ ਹੈ ਮਹੀਂਵਾਲ ਨੂੰ ਤਰਨ ਵਿੱਚ ਪੂਰੀ ਮੁਹ-ਾਰਤ ਹਾਸਲ ਨਾ ਹੋਵੇ। ਪਰ ਇਹ ਜੁਆਬ ਓਨਾ ਤਰਕ ਭਰਪੂਰ ਨਾ ਜਾਪਿਆ, ਕਿਉਂਕਿ ਦਰਿਆਵਾਂ ਦੇ ਕਿਨਾਰਿਆਂ 'ਤੇ ਰਹਿਣ ਵਾਲੇ ਤਾਂ ਤਕਰੀਬਨ ਸਾਰੇ ਹੀ 'ਵੱਡੇ ਤਾਰੂ' ਹੁੰਦੇ ਹਨ। ਫਿਰ ਪਤਾ ਨਹੀਂ, ਮਹੀਂਵਾਲ ਦੀ ਹੋਰ ਕੀ ਕਮਜ਼ੋਰੀ ਹੋ ਸਕਦੀ ਹੈ, ਜਾਂ ਫਿਰ ਇਹ ਹੋ ਸਕਦਾ ਹੈ ਕਿ ਉਹ ਆਪਣੀਆਂ ਮੱਝਾਂ ਨੂੰ ਇਕੱਲੀਆਂ ਛੱਡ ਕੇ ਨਾ ਜਾਣਾ ਚਾਹੁੰਦਾ ਹੋਵੇ।

ਏਸੇ ਹੀ ਦਰਿਆ ਝਨਾਂ ਵਿੱਚ ਹੀਰ ਆਪਣੀਆਂ ਸਖੀਆਂ ਦੇ ਨਾਲ ਲੁੱਢਣ ਮਲਾਹ ਦੀ ਬੇੜੀ 'ਤੇ ਸੈਰ ਕਰਦੀ ਹੁੰਦੀ ਸੀ ਅਤੇ ਆਪਣੇ ਮਹਿਬੂਬ 'ਰਾਂਝੇ' ਲਈ ਰੋਜ਼ ਚੂਰੀ ਲੈ ਕੇ ਜਾਇਆ ਕਰਦੀ ਸੀ। ਰਾਂਝਾ ਇਸ ਦਰਿਆ ਦੇ ਕਿਨਾਰੇ ਹੀ ਜੰਗਲ ਵਿੱਚ ਉਸ ਦੇ ਬਾਪ ਦੀਆਂ 12 ਸਾਲ ਮੱਝਾਂ ਚਾਰਦਾ ਰਿਹਾ। ਇਸ ਤਰ੍ਹਾਂ ਇਸ ਦਰਿਆ ਝਨਾਂ ਨੂੰ 'ਆਸ਼ਕਾਂ ਦਾ ਦਰਿਆ' ਹੋਣ ਦਾ ਰੁਤਬਾ ਹਾਸਲ ਹੈ। ਰਸਤੇ ਵਿੱਚ ਇੱਕ ਹੋਰ ਦਰਿਆ 'ਸਵਾਂ' ਵੀ ਆਇਆ। ਇਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਦੁਨੀਆਂ ਦਾ ਪਹਿਲਾ ਮਨੁੱਖ ਇਸ ਦਰਿਆ ਦੇ ਕੰਢੇ ਵੱਸਿਆ ਸੀ। ਇਹ ਪੀੜ੍ਹੀਓ-ਪੀੜ੍ਹੀ ਚਲੀ ਆਉਂਦੀ ਇੱਕ 'ਲੋਕ-ਗਾਥਾ' (ਮਿੱਥ) ਹੀ ਜਾਪਦੀ ਹੈ, ਕਿਉਂਕਿ ਇਸ ਦੇ ਅਜੇ ਤੱਕ ਕੋਈ ਠੋਸ ਸਬੂਤ ਨਹੀਂ ਮਿਲੇ ਹਨ।

ਸੜਕੀ ਸਫ਼ਰ ਦੇ ਅੱਧ ਕੁ ਵਿਚ ਜਾ ਕੇ ਕਾਲਕਾ ਤੋਂ ਸ਼ਿਮਲੇ ਵੱਲ ਜਾਣ ਲੱਗਿਆਂ ਸੜਕ ਦੇ ਸੱਜੇ ਬੰਨੇ 'ਸ਼ਿਵਾਲਿਕ ਦੀਆਂ ਪਹਾੜੀਆਂ' ਵਰਗੀਆਂ ਪਹਾੜੀਆਂ ਨਜ਼ਰ ਆਉਣ ਲੱਗ ਪਈਆਂ। ਇਹ ਪਹਾੜੀਆਂ ਕਾਫੀ ਹਰੀਆਂ-ਭਰੀਆਂ ਸਨ ਅਤੇ ਇਨ੍ਹਾਂ ਵਿੱਚੋਂ ਕਈ ਤਾਂ ਲਾਲ ਪੱਥਰਾਂ ਵਾਲੀਆਂ ਵੀ ਸਨ ਜੋ ਦੂਰੋਂ ਹੀ ਨਜ਼ਰ ਆ ਰਹੀਆਂ ਸਨ। ਇਨ੍ਹਾਂ ਲਾਲ ਪੱਥਰਾਂ ਵਿੱਚ ਵੀ ਵਿਰਲੇ-ਵਿਰਲੇ ਹਰੇ ਰੁੱਖ ਦਿਖਾਈ ਦੇ ਰਹੇ ਸਨ। ਗੱਲ ਕੀ, ਇਸ ਖ਼ੂਬਸੂਰਤ ਮੋਟਰਵੇਅ 'ਤੇ ਚੱਲਣ ਦਾ ਇਹ ਸਾਰਾ ਨਜ਼ਾਰਾ ਹੀ ਡਾਹਡਾ ਮਨਮੋਹਕ ਸੀ । ਇਹ ਸੱਭ ਵੇਖ ਕੇ ਸਾਰੇ ਬੜੇ ਖ਼ੁਸ਼ ਨਜ਼ਰ ਆ ਰਹੇ ਸਨ।

ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਸਵਾ ਕੁ ਚਾਰ ਵਜੇ ਅਸੀਂ ਗੁਰਦੁਆਰਾ ਪੰਜਾ ਸਾਹਿਬ ਦੀ ਡਿਓਢੀ ਦੇ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਪਾਰਕ ਕਰਕੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆ ਗਏ। ਇੱਥੇ ਵੀ ਗੁਰਦੁਆਰਾ ਸਾਹਿਬ ਦੀ ਡਿਓਢੀ ਦੇ ਅੰਦਰ ਤਾਇਨਾਤ ਪੁਲੀਸ ਕਰਮਚਾਰੀਆਂ ਵੱਲੋਂ ਸਾਡੇ ਪਾਸਪੋਰਟਾਂ ਦੇ ਵੇਰਵੇ ਆਪਣੇ ਰਜਿਸਟਰਾਂ ਵਿੱਚ ਦਰਜ ਕੀਤੇ ਗਏ। ਅਸੀਂ ਜਾਣਕਾਰੀ ਹਿਤ ਉਨ੍ਹਾਂ ਨੂੰ ਪੁੱਛਿਆ ਕਿ ਕੀ ਅਸੀਂ ਸਾਰੇ ਜਣੇ ਗੁਰਦੁਆਰਾ ਸਾਹਿਬ ਦੇ ਅੰਦਰ ਸਰਾਂ ਵਿੱਚ ਰਾਤ ਠਹਿਰ ਸਕਦੇ ਹਾਂ ਤਾਂ ਅੱਗੋਂ ਉੱਤਰ ਮਿਲਿਆ ਕਿ ਅਸੀਂ

ਚਾਰੇ ਯਾਤਰੀ ਤਾਂ ਉੱਥੇ ਰਾਤ ਕੱਟ ਸਕਦੇ ਹਾਂ ਪਰ ਪਾਕਿਸਤਾਨ ਸਰਕਾਰ ਦੇ ਕਾਨੂੰਨ ਅਨੁਸਾਰ ਸਾਡੇ ਮੇਜ਼ਬਾਨ ਸਾਡੇ ਨਾਲ ਰਾਤ ਉੱਥੇ ਨਹੀਂ ਰਹਿ ਸਕਦੇ। ਉਨ੍ਹਾਂ ਦੇ ਦੱਸਣ ਅਨੁਸਾਰ ਪਾਕਿਸਤਾਨੀ ਯਾਤਰੀ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਤਾਂ ਅੰਦਰ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਗੁਰਦੁ-ਆਰਾ ਸਾਹਿਬ ਵਿਖੇ ਰਾਤ ਠਹਿਰਨ ਦੀ ਇਜਾਜ਼ਤ ਨਹੀਂ ਹੈ। ਸਾਨੂੰ ਇਹ ਕਾਨੂੰਨ ਬੜਾ ਅਟਪਟਾ ਅਤੇ ਅਜੀਬ ਜਿਹਾ ਲੱਗਿਆ। ਦਰਅਸਲ, ਅਸੀਂ ਤਾਂ ਸਾਰੇ ਇਕੱਠੇ ਹੀ ਰਾਤ ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਹੀ ਠਹਿਰਨਾ ਚਾਹੁੰਦੇ ਸੀ ਪਰ ਸਰਕਾਰੀ ਨਿਯਮਾਂ ਅਨੁਸਾਰ ਇਸ ਦੀ ਆਗਿਆ ਨਹੀਂ ਸੀ। ਸੋ ਅਸੀਂ ਵੀ ਉੱਥੇ ਰਾਤ ਨਾ ਠਹਿਰਨ ਦਾ ਮਨ ਬਣਾ ਲਿਆ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਇਸਲਾਮਾ-ਬਾਦ ਜਾ ਕੇ ਇੱਕ ਹੋਟਲ ਵਿੱਚ ਰਾਤ ਠਹਿਰੇ।

## ਗੁਰਦੁਆਰੇ ਵਿੱਚ ਮਿਲਿਆ 'ਟੌਫੀ ਪ੍ਰਸ਼ਾਦ'

ਅੰਦਰ ਜਾ ਕੇ ਸੱਭ ਤੋਂ ਪਹਿਲਾਂ ਗੁਰਦ-ਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋਏ। ਮੱਥਾ ਟੇਕਿਆ ਅਤੇ ਪ੍ਰਸ਼ਾਦ ਲੈਣ ਲਈ ਸੇਵਾਦਾਰ ਕੋਲ ਗਏ। ਸੇਵਾਦਾਰ ਨੇ ਕੜਾਹ ਪ੍ਰਸ਼ਾਦ ਦੀ ਥਾਂ 'ਤੇ ਇੱਕ ਇੱਕ ਟੌਫੀ ਸਾਡੇ ਹੱਥਾਂ 'ਤੇ ਧਰ ਦਿੱਤੀ। ਸਾਡੇ ਲਈ ਇਹ ਬੜੀ ਹੈਰਾਨੀ ਵਾਲੀ ਗੱਲ ਸੀ, ਕਿਉਂਕਿ ਸਾਰੇ ਗੁਰਦੁਆਰਿਆਂ ਵਿੱਚ ਆਮ ਤੌਰ 'ਤੇ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਹੀ ਵਰਤ-ਾਇਆ ਜਾਂਦਾ ਹੈ ਅਤੇ ਸੰਗਤ ਦੀ ਵਧੇਰਾ ਆਮਦ ਕਾਰਨ ਕੜਾਹ ਪ੍ਰਸ਼ਾਦ ਦੇ ਖ਼ਤਮ ਹੋ ਜਾਣ ਦੀ ਹਾਲਤ ਵਿੱਚ ਚੌਲਾਂ ਦੀਆਂ ਮਿੱਠੀਆਂ ਫੁੱਲੀਆਂ ਜਾਂ ਛੋਟੇ ਪਤਾਸੇ ਪ੍ਰਸ਼ਾਦ ਵਜੋਂ ਦਿੱਤੇ ਜਾਂਦੇ ਹਨ। ਇਹ 'ਟੌਫੀ ਪ੍ਰਸ਼ਾਦ' ਅਸੀਂ ਇੱਥੇ ਪਹਿਲੀ ਵਾਰ ਹੀ ਵੇਖਿਆ ਸੀ। ਜਦੋਂ ਸੇਵਾਦਾਰ ਨਾਲ ਇਸ ਦੇ ਬਾਰੇ ਗੱਲ ਕੀਤੀ ਗਈ ਤਾਂ ਉਸ ਦਾ ਕਹਿਣਾ ਸੀ ਕਿ ਉਸ ਦਿਨ ਸੰਗਤ ਕਾਫੀ ਗਿਣਤੀ ਵਿੱਚ ਦਰਸ਼ਨਾਂ ਲਈ ਆਈ ਅਤੇ ਕੜਾਹ ਪ੍ਰਸ਼ਾਦ ਚਾਲੇ ਪੈ ਗਿਆ। ਫੁੱਲੀਆਂ-ਪਤਾਸਿਆਂ ਵਾਲਾ ਸੁੱਕਾ ਪ੍ਰਸ਼ਾਦ ਲਿਆਂਦਾ ਨਹੀਂ ਜਾ ਸਕਿਆ ਅਤੇ ਉਸ ਨੇ ਇਹ ਟੌਫੀਆਂ ਹੀ ਪ੍ਰਸ਼ਾਦ ਵਜੋਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਮੰਨਿਆਂ ਕਿ ਇਹ ਪ੍ਰਥਾ ਸਹੀ ਨਹੀਂ ਹੈ ਅਤੇ ਇਹ ਟੌਫੀਆਂ ਵਾਲਾ ਪ੍ਰਸ਼ਾਦ ਮਜਬੂਰੀ ਵਿੱਚ ਦੇਣਾ ਪਿਆ।

## ਪੱਥਰ 'ਤੇ ਪੰਜੇ ਦਾ ਨਿਸ਼ਾਨ ਦਾ ਨਿਸ਼ਾਨ ਨੇੜਿਉਂ ਹੋ ਕੇ ਵੇਖਿਆ

ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਦੂਰੋਂ ਦਿਸ ਰਹੀ ਵਲੀ ਕੰਧਾਰੀ ਦੀ ਪਹਾੜੀ ਵੱਲੋਂ ਗੁਰਦੁਆਰਾ ਸਾਹਿਬ ਵੱਲ ਆਉਂਦੇ ਚਸ਼ਮੇਂ ਨੂੰ ਨੇੜਿਉਂ ਤੱਕਣ ਅਤੇ ਉਸ ਵਿੱਚ ਆਉਂਦੇ ਪਾਣੀ ਦਾ ਚੂਲਾ ਲੈਣ ਲਈ ਚੱਲ ਪਏ। ਚਸ਼ਮੇਂ ਦੇ ਉਪਰਲੇ ਪਾਸੇ ਪੱਥਰ 'ਤੇ ਪਏ ਹੋਏ ਨਿਸ਼ਾਨ ਨੂੰ ਨੇੜੇ ਹੋ ਕੇ ਵੇਖਿਆ। ਕਈ ਸ਼ਰਧਾਲੂ ਤਾਂ ਹੇਠਾਂ ਪਾਣੀ ਵਿਚ ਦੋ ਪੌੜੀਆਂ ਉੱਤਰ ਕੇ ਉਸ ਨਿਸ਼ਾਨ ਦੇ ਉੱਪਰ ਆਪਣਾ ਪੰਜਾ ਰੱਖ ਕੇ ਉਸ 'ਤੇ ਲੱਗੇ ਗੁਰੂ ਨਾਨਕ ਦੇਵ ਜੀ ਦੇ ਪੰਜੇ ਦੀ ਛੋਹ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਖ਼ੈਰ, ਇਹ ਤਾਂ ਸਾਡੇ ਲੋਕਾਂ ਦੀ ਆਸਥਾ ਦਾ ਸੁਆਲ ਹੈ ਅਤੇ ਇਸ ਦੇ ਬਾਰੇ ਕੁੱਝ ਵੀ ਕਹਿਣਾ ਮੁਨਾਸਬ ਨਹੀਂ ਹੈ। ਪਰ ਅਸੀਂ ਉਸ ਨਿਸ਼ਾਨ ਨੂੰ ਕੁਝ ਦੂਰੀ ਤੋਂ ਹੀ ਉਸ ਨੂੰ ਵੇਖਿਆ। ਸਾਡੇ ਗਰੁੱਪ ਦੀਆਂ ਬੀਬੀਆਂ ਤਾਂ ਹੇਠਾਂ ਪਾਣੀ ਵਿੱਚ ਜਾਣ ਤੋਂ ਡਰ ਰਹੀਆਂ ਸਨ, ਕਿਉਂਕਿ ਪਾਣੀ ਵਿੱਚਲੀ ਪੌੜੀ ਜੰਮੇਂ ਹੋਏ ਪਣੇ ਕਾਰਨ ਥੋੜ੍ਹੀ ਜਿਹੀ ਤਿਲਕਵੀਂ ਵੀ ਸੀ। ਮੈਂ ਹਿੰਮਤ ਕਰਕੇ ਪਾਣੀ ਦੇ ਅੰਦਰ ਇਸ ਪੌੜੀ ਦੇ ਉੱਪਰ ਪੈਰ ਧਰਿਆ ਅਤੇ ਨੇੜੇ ਜਾ ਕੇ ਜਦੋਂ ਉਸ ਪੱਥਰ ਨੂੰ ਗਹੁ ਨਾਲ ਵੇਖਿਆ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਇਹ ਕਿਸੇ ਸੁਘੜ ਕਾਰੀਗਰ ਵੱਲੋਂ ਬੜੀ ਸਿਆਣਪ ਨਾਲ ਪੱਥਰ ਨੂੰ ਤਰਾਸ਼ ਕੇ ਥੋੜ੍ਹਾ ਓਪਰਾ ਜਿਹਾ ਡੂੰਘਾ ਉੱਕਰਿਆ ਗਿਆ ਹੋਵੇ। ਹਰੇਕ ਸ਼ਰਧਾਲੂ ਦੀ ਸ਼ਰਧਾ ਅਤੇ ਉਸ ਦੇ ਅਕੀਦੇ ਦਾ ਆਪਣਾ ਹੀ ਮਾਪਦੰਡ ਹੁੰਦਾ ਹੈ। ਇਹ ਮੇਰੀ ਨਿੱਜੀ ਸੋਚ ਹੈ ਅਤੇ ਹੋ ਸਕਦਾ ਹੈ, ਮੈਂ ਗ਼ਲਤ ਵੀ ਹੋਵਾਂ ਪਰ ਪੱਥਰ 'ਤੇ ਪਏ ਇਸ ਨਿਸ਼ਾਨ ਨੂੰ ਮੇਰਾ ਮਨ ਗੁਰੂ ਨਾਨਕ ਦੇਵ ਜੀ ਦੇ ਪੰਜੇ ਦਾ ਨਿਸ਼ਾਨ ਮੰਨਣ ਲਈ ਤਿਆਰ ਨਹੀਂ ਸੀ। ਇਹ ਮੇਰਾ ਆਪਣਾ ਵਿਚਾਰ ਸੀ ਅਤੇ ਮੈਂ ਇਹ ਆਪਣੇ ਸਾਥੀਆਂ ਨਾਲ ਵੀ ਸਾਂਝਾ ਕੀਤਾ। ਉਨ੍ਹਾਂ ਵਿੱਚੋਂ ਕਈ ਮੇਰੇ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ।

ਅਸਿਸਟੈਂਟ ਕਮਿਸ਼ਨਰ ਸੰਨਾ ਰਾਮ ਚੰਦਰ ਨਾਲ ਹੋਈ ਅਚਾਨਕ ਮੁਲਾਕਾਤ ਇਸ ਤੋਂ ਬਾਅਦ ਲੰਗਰ ਅਸਥਾਨ ਵੱਲ ਜਾਂਦੇ ਹੋਏ ਰਸਤੇ ਵਿੱਚ ਇਸ ਸ਼ਹਿਰ ਹਸਨ ਅਬਦਾਲ ਦੀ ਅਸਿਸਟੈਂਟ ਕਮਿਸ਼ਨਰ (ਚੜ੍ਹਦੇ ਪੰਜਾਬ ਦੇ 'ਐੱਸ.ਡੀ.ਐੱਮ.' ਦੇ ਬਰਾਬਰ ਅਹੁਦਾ) ਸੰਨਾ ਰਾਮ ਚੰਦਰ (ਇਕ ਨੌਜੁਆਨ ਹਿੰਦੂ ਲੜਕੀ) ਨਾਲ ਅਚਾਨਕ ਮੁਲਾਕਾਤ ਹੋ ਗਈ। ਕਿਸੇ ਸ਼ਰਧਾਲੂ ਨੇ ਸਾਨੂੰ ਦੱਸਿਆ ਕਿ ਇਹ ਇੱਥੋਂ ਦੀ ਅਸਿਸਟੈਂਟ ਕਮਿਸ਼ਨਰ ਹੈ ਅਤੇ ਇਹ ਰੋਜ਼ ਹੀ ਇਸ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਅਤੇ ਇੱਥੋਂ ਦੇ ਪ੍ਰਬੰਧਕੀ ਕਾਰਜਾਂ ਦਾ ਜਾਇਜ਼ਾ ਲੈਣ ਲਈ ਇੱਥੇ ਆਉਂਦੀ ਹੈ। ਉਸ ਦਿਨ ਸਬੱਬ ਨਾਲ ਉਹ ਉਸ ਸਮੇਂ ਉੱਥੇ ਆਈ ਜਦੋਂ ਅਸੀਂ ਲੰਗਰ ਛਕਣ ਦੇ ਮੰਤਵ ਨਾਲ ਲੰਗਰ ਅਸਥਾਨ ਵੱਲ ਜਾ ਰਹੇ ਸੀ। ਉਸ ਨੂੰ ਵੇਖ ਕੇ ਸਾਡੀ ਦਿਲਚਸਪੀ ਉਸ ਨਾਲ ਗੱਲਬਾਤ ਕਰਨ ਦੀ ਬਣ ਗਈ। ਉਸ ਨੇ ਸਲਵਾਰ-ਕਮੀਜ਼ ਦਾ ਬੜਾ ਸਾਦਾ ਲਿਬਾਸ ਪਾਇਆ ਹੋਇਆ ਸੀ ਅਤੇ ਉਸ ਦੀ ਉਮਰ ਮਸਾਂ 24-25 ਸਾਲ ਦੇ ਆਸ-ਪਾਸ ਹੀ ਹੋਵੇਗੀ। ਸੰਖੇਪ ਜਿਹੀ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਉਹ ਪਾਕਿਸਤਾਨ ਦੇ ਸਿੰਧ ਸੂਬੇ ਤੋਂ ਹੈ ਅਤੇ ਉੱਥੇ ਸਿੰਧੀ ਹਿੰਦੂ ਪਰਿਵਾਰ ਕਾਫੀ ਗਿਣਤੀ ਵਿੱਚ ਹਨ।

## ਭੈਣ ਗੁਰਚਰਨ ਨੇ 'ਪੰਜਾਬੀ ਨੈਸ਼ਨਲ ਟੀ.ਵੀ. ਲਈ ਉਸ ਦੇ ਨਾਲ ਕੀਤੀ ਇੰਟਰਵਿਊ

ਉਸ ਨਾਲ ਗੱਲਬਾਤ ਕਰਦਿਆ ਗੁਰ-ਚਰਨ ਥਿੰਦ ਨੇ ਸੰਨਾ ਨੂੰ ਪੁੱਛਿਆ ਕਿ ਕੀ ਉਹ 10-15 ਮਿੰਟਾਂ ਲਈ ਉਸ ਦੇ ਨਾਲ ਜਲੰਧਰ ਸ਼ਹਿਰ ਤੋਂ ਚੱਲ ਰਹੇ 'ਪੰਜਾਬੀ ਨੈਸ਼ਨਲ ਟੀ.ਵੀ.' ਅਤੇ ਲਾਹੌਰ ਦੇ 'ਪੰਜਾਬੀ ਪ੍ਰਚਾਰ ਟੀ.ਵੀ. ਇੰਟਰਵਿਊ ਦੇ ਸਕਦੀ ਹੈ ਜਿਸ ਦੇ ਲਈ ਉਸ ਨੇ ਹਾਮੀ ਭਰਨ 'ਤੇ ਗੁਰਦ-ਆਰਾ ਸਾਹਿਬ ਦੇ ਲੰਗਰ ਅਸਥਾਨ ਵਾਲੇ ਪਾਸੇ ਖਲੋ ਕੇ ਉਸ ਨਾਲ ਇੰਟਰਵਿਊ ਆਰੰਭ ਕਰ ਦਿੱਤੀ। ਇੰਟਰਵਿਊ ਦੇ ਦੌਰਾਨ ਸੰਨਾ ਨੇ ਦੱਸਿਆ ਕਿ ਉਸ ਨੂੰ ਸ਼ੁਰੂ ਤੋਂ ਹੀ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਉਸ ਦੇ ਮਾਪਿਆਂ ਨੇ ਇਸ ਦੇ ਲਈ ਉਸ ਦੀ ਬੜੀ ਮਦਦ ਕੀਤੀ। ਗਰੈਜੂਏਸ਼ਨ ਕਰਨ ਤੋਂ ਬਾਅਦ ਉਸ ਨੇ ਪਬਲਿਕ ਐਡਮਨਿਸਟ੍ਰੇਸ਼ਨ ਵਿਚ ਐੱਮ.ਏ. ਕੀਤੀ ਅਤੇ ਫਿਰ ਪਾਕਿਸਤਾਨ ਦੀ ਮੁਕਾਬਲੇ ਦੀ ਸਿਵਲ ਪ੍ਰੀਖਿਆ ਵਿੱਚ ਬੈਠੀ ਜਿਸ ਵਿੱਚ ਪਹਿਲੀ ਵਾਰ ਹੀ ਉਸ ਨੂੰ ਸਫ਼ਲਤਾ ਪ੍ਰਾਪਤ ਹੋ ਗਈ ਅਤੇ ਟ੍ਰੇਨਿੰਗ ਤੋਂ ਬਾਅਦ ਪਹਿਲੀ ਪੋਸਟਿੰਗ ਇੱਥੇ ਹਸਨ ਅਬਦਾਲ ਵਿੱਚ ਹੋਈ। ਉਸ ਨੇ ਦੱਸਿਆ ਕਿ ਉਸ ਦੀ ਗੁਰੂ ਘਰ ਵਿੱਚ ਬੜੀ ਸ਼ਰਧਾ ਹੈ ਅਤੇ ਉਹ ਇੱਥੇ ਰੋਜ਼ਾਨਾ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਆਉਂਦੀ ਹੈ। ਇਹ ਉਸ ਦੇ ਲਈ 'ਇੱਕ ਪੰਥ ਦੋ ਕਾਜ' ਵਾਲੀ ਗੱਲ ਹੈ। ਦਫ਼ਤਰ ਵਿੱਚ ਡਿਊਟੀ ਟਾਈਮ ਤੋਂ ਬਾਅਦ ਸ਼ਾਮ ਨੂੰ ਸ਼ਹਿਰ ਦਾ ਚੱਕਰ ਲਗਾਉਂਦੀ ਹੋਈ ਉਹ ਇੱਥੇ ਮੱਥਾ ਟੇਕਣ ਲਈ ਆ ਜਾਂਦੀ ਹੈ ਅਤੇ ਨਾਲ ਹੀ ਇੱਥੇ ਗੁਰਦੁਆਰਾ ਸਾਹਿਬ ਦਾ ਪ੍ਰਬੰਧਾਂ ਨੂੰ ਵੀ ਵੇਖ ਜਾਂਦੀ ਹੈ। ਗੁਰ-ਚਰਨ ਵੱਲੋਂ ਪੁੱਛੇ ਗਏ ਸੁਆਲ ਕਿ ਕੀ ਪਾਕਿਸਤਾਨ ਵਿੱਚ ਲੜਕੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਤਾਂ ਪੇਸ਼ ਨਹੀਂ ਆਉਂਦੀ, ਦੇ ਜੁਆਬ ਵਿੱਚ ਉਸ ਨੇ ਦੱਸਿਆ ਕਿ ਅਜਿਹੀ ਕੋਈ ਗੱਲ ਨਹੀਂ ਹੈ ਪਰ ਉਚੇਰੀ ਸਿੱਖਿਆ ਲਈ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਲੜਕੀਆਂ ਦੀ ਗਿਣਤੀ ਮੁਕਾਬਲਤਨ ਘੱਟ ਹੈ। ਸ਼ਾਇਦ ਉਨ੍ਹਾਂ ਦੇ ਮਾਪੇ ਇਸ ਦੇ ਲਈ ਉਨ੍ਹਾਂ ਨੂੰ ਇਨ੍ਹਾਂ ਉਚੇਰੀਆਂ ਸੰਸਥਾਵਾਂ ਵਿੱਚ ਭੇਜਣਾ ਨਹੀਂ ਚਾਹੁੰਦੇ। ਪਾਕਿ-ਸਤਾਨ ਦੀ ਸਿਆਸਤ, ਧਰਮ ਅਤੇ ਸਿਵਲ ਪ੍ਰਬੰਧਾਂ ਦੇ ਨਾਲ ਜੁੜੇ ਕਈ ਸੁਆਲਾਂ ਦੇ ਜੁਆਬ ਉਹ ਬੜੇ ਸੁਚੱਜੇ ਢੰਗ ਨਾਲ ਟਾਲ਼ ਗਈ ਜਿਸ ਤੋਂ ਉਸ ਦੀ ਸੋਚ ਅਤੇ ਸਿਆਣਪ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਇੰਟਰਵਿਊ ਦੀ ਸਮਾਪਤੀ 'ਤੇ ਸੰਨਾ ਦਾ ਧੰਨਵਾਦ ਕਰਨ ਤੋਂ ਬਾਅਦ ਅਸੀਂ ਲੰਗਰ ਅਸਥਾਨ ਵੱਲ ਗਏ ਅਤੇ ਉੱਥੇ ਜਾ ਕੇ 'ਗੁਰੂ ਕਾ ਲੰਗਰ' ਛਕਿਆ। ਇੱਥੇ ਸਾਨੂੰ ਕੈਨੇਡਾ ਦੇ ਸ਼ਹਿਰ ਲੰਡਨ ਤੋਂ ਆਇਆ ਇੱਕ ਪਰਿਵਾਰ ਮਿਲ ਪਿਆ। ਉਨ੍ਹਾਂ ਦੇ ਨਾਲ ਪਾਕਿਸਤਾਨ ਦੇ ਉਨ੍ਹਾਂ ਦੇ ਅਤੇ ਆਪਣੇ ਟੂਰ ਦੀਆਂ ਗੱਲਾਂ-ਬਾਤਾਂ ਸਾਂਝੀਆਂ ਹੋਈਆਂ। ਉਨ੍ਹਾਂ ਨੂੰ ਲਾਹੌਰ ਆਇਆਂ ਅਜੇ ਦੋ ਦਿਨ ਹੀ ਹੋਏ ਸਨ, ਜਦਕਿ ਸਾਡਾ ਲਹਿੰਦੇ ਪੰਜਾਬ ਵਿੱਚ ਅੱਜ ਗਿਆਰ੍ਹਵਾਂ ਦਿਨ ਸੀ। ਉਨ੍ਹਾਂ ਨੂੰ ਮਿਲ ਕੇ ਸਾਨੂੰ ਬਹੁਤ ਖ਼ੁਸ਼ੀ ਹੋਈ।

## ਇਸਲਾਮਾਬਾਦ ਤੇ ਰਾਵਲਪਿੰਡੀ ਸ਼ਹਿਰ ਰਾਤ ਨੂੰ ਵੇਖੇ

ਦਰਸ਼ਨੀ ਡਿਓਢੀ 'ਤੇ ਤਾਇਨਾਤ ਪੁਲੀਸ ਕਰਮਚਾਰੀਆਂ ਤੋਂ ਸਾਨੂੰ ਇਹ ਜਾਣਕਾਰੀ ਮਿਲ ਚੁੱਕੀ ਸੀ ਕਿ ਸਾਡੇ ਮੇਜ਼ਬਾਨ ਰਾਤ ਇੱਥੇ ਸਰਾਂ ਵਿੱਚ ਨਹੀਂ ਠਹਿਰ ਸਕਦੇ ਸਨ ਅਤੇ ਅਸੀਂ ਸਾਰੇ ਇਕੱਠੇ ਹੀ ਰਹਿਣਾ ਚਾਹੁੰਦੇ ਸਾਂ। ਇਸ ਲਈ ਅਸੀਂ ਇਸਲਾਮਾਬਾਦ ਜਾ ਕੇ ਰਾਤ ਠਹਿਰਨ ਦਾ ਮਨ ਬਣਾ ਲਿਆ ਅਤੇ ਸ਼ਾਮ ਨੂੰ ਸਵਾ ਕੁ ਛੇ ਵਜੇ ਇਸਲਾਮਾਬਾਦ ਨੂੰ ਚੱਲ ਪਏ। ਪੌਣੇ ਕੁ ਘੰਟੇ ਦੇ ਸੜਕੀ ਸਫ਼ਰ ਤੋਂ ਬਾਅਦ ਇਸਲਾਮਾਬਾਦ ਪਹੁੰਚੇ ਅਤੇ ਉੱਥੇ ਇਕ ਹੋਟਲ ਵਿਚ ਕਮਰੇ ਬੁੱਕ ਕਰਵਾਏ। ਆਪਣਾ ਸਮਾਨ ਕਮਰਿਆਂ

ਵਿੱਚ ਟਿਕਾਇਆ ਅਤੇ ਪਾਕਿ-ਸਤਾਨ ਦੀ ਰਾਜਧਾਨੀ ਇਸਲਾਮਾਬਾਦ ਵੇਖਣ ਲਈ ਨਿਕਲ ਪਏ। ਚੰਡੀਗੜ੍ਹ ਵਾਂਗ ਇਹ ਸ਼ਹਿਰ ਵੀ ਵੱਖ-ਵੱਖ ਸੈੱਕਟਰਾਂ ਵਿੱਚ ਵੰਡਿਆ ਹੋਇਆ ਅਤੇ ਇਸ ਦੀਆਂ ਬਹੁਤੀਆਂ ਸੜਕਾਂ ਇੱਕ ਦੂਸਰੀ ਨੂੰ 90 ਦਰਜੇ 'ਤੇ ਕੱਟਦੀਆਂ ਹਨ। ਇਸਲਾਮਾਬਾਦ ਸ਼ਹਿਰ ਰਾਤ ਨੂੰ ਵੀ ਪੂਰਾ ਜਗਦਾ ਅਤੇ ਜਾਗਦਾ ਹੈ। ਅਸੀਂ ਗੱਡੀ 'ਤੇ ਸ਼ਹਿਰ ਦੀਆਂ ਮੁੱਖ ਥਾਵਾਂ ਦਾ ਚੱਕਰ ਲਗਾਇਆ। ਸੱਭ ਤੋਂ ਪਹਿਲਾਂ ਇਸਲਾਮਾਬਾਦ ਦੀ ਮਸ਼ਹੂਰ, ਖ਼ੂਬਸੂਰਤ ਅਤੇ ਬੜੀ ਖੁੱਲ੍ਹੀ-ਡੁੱਲ੍ਹੀ 'ਫ਼ੈਸਲ ਮਸਜਿਦ' ਵੇਖਣ ਗਏ। ਇਹ ਸਾਓਦੀ ਅਰੇਬੀਆ ਵਿੱਚ ਰਹਿੰਦੇ ਪਾਕਿਸਤਾਨੀ ਪਿਛੋਕੜ ਦੇ ਇੱਕ ਬਹੁਤ ਹੀ ਅਮੀਰ ਵਿਅਕਤੀ 'ਫ਼ੈਸਲ' ਵੱਲੋਂ ਬਣਵਾਈ ਗਈ ਹੈ ਅਤੇ ਇਸ ਦਾ ਨਾਂ ਵੀ ਓਸੇ ਦੇ ਨਾਂ 'ਤੇ ਮਸ਼ਹੂਰ ਹੋ ਗਿਆ ਹੈ। ਪਾਕਿਸਤਾਨ ਦੇ ਪੁਰਾਣੇ ਸ਼ਹਿਰ 'ਲਾਇਲਪੁਰ' ਦਾ ਨਾਂ ਬਦਲ ਕੇ 'ਫ਼ੈਸਲਾਬਾਦ' ਵੀ ਏਸੇ ਸ਼ਖ਼ਸ ਦੇ ਨਾਂ 'ਤੇ ਹੀ ਕੀਤਾ ਗਿਆ ਹੈ। ਕਈ ਪੌੜੀਆਂ ਚੜ੍ਹ ਕੇ ਉੱਪਰ ਬਣੇ ਹੋਏ ਲੰਮੇਂ-ਚੌੜੇ ਪਲੇਟਫਾਰਮ 'ਤੇ ਬਣੀ ਹੋਈ ਇਹ ਮਸਜਿਦ ਆਪਣੇ ਆਪ ਵਿੱਚ ਇੱਕ ਅਜੂਬਾ ਹੀ ਪ੍ਰਤੀਤ ਹੁੰਦੀ ਹੈ। ਰੰਗ-ਬਰੰਗੀਆਂ ਰੌਸ਼ਨੀਆਂ ਵਿੱਚ ਜਗਮਗਾਉਂਦੀ ਇਹ ਮਸਜਿਦ ਰਾਤ ਨੂੰ ਦੂਰੋਂ ਹੀ ਦਰਸ਼ਕਾਂ ਦੀ ਖਿੱਚ ਦਾ ਕਾਰਨ ਬਣਦੀ ਹੈ। ਹਲਕੀ ਨੀਲੀ ਰੌਸ਼ਨੀ ਵਿੱਚ ਜਗਮਗਾਉਂਦੇ ਇਸ ਦੇ ਚਾਰੇ ਮੀਨਾਰ ਅਤੇ ਕੇਂਦਰੀ ਹਾਲ ਦੂਰੋਂ ਹੀ ਦਿਖਾਈ ਦੇ ਰਹੇ ਸਨ। ਅਸੀਂ ਰਾਤ ਲੇਟ ਹੀ ਇਸ ਮਸਜਿਦ ਵਿੱਚ ਪਹੁੰਚੇ ਅਤੇ ਸਾਡੇ ਜਾਂਦਿਆਂ ਨੂੰ ਇਸ ਦਾ ਕੇਂਦਰੀ-ਹਾਲ ਜਿਸ ਵਿੱਚ ਮੁਸਲਿਮ ਭਰਾਵਾਂ ਵੱਲੋਂ ਮਿਲ ਕੇ ਨਮਾਜ਼ ਅਦਾ ਕੀਤੀ ਜਾਂਦੀ ਹੈ, ਬੰਦ ਹੋ ਚੁੱਕਾ ਸੀ। ਅਸੀਂ ਬਾਹਰੋਂ ਹੀ ਇਸ ਦੇ ਦਰਸ਼ਨ ਕੀਤੇ ਅਤੇ ਸਾਰੀ ਇਮਾਰਤ ਦਾ ਚੱਕਰ ਲਗਾ ਕੇ ਵਾਪਸ ਆ ਗਏ।

ਵਾਪਸੀ 'ਤੇ ਗੱਡੀ ਵਿੱਚ ਹੀ ਪਾਰਲੀਮੈਂਟ ਹਾਊਸ, ਰਾਸ਼ਟਰਪਤੀ ਦਾ ਮਹਿਲ-ਨੁਮਾ ਘਰ, ਪ੍ਰਧਾਨ ਮੰਤਰੀ ਦੀ ਰਿਹਾਇਸ਼, ਸੁਪਰੀਮ ਕੋਰਟ ਦੀ ਵਿਸ਼ਾਲ ਇਮਾਰਤ, ਪਾਕਿਸਤਾਨ ਦਾ ਮਸ਼ਹੂਰ 'ਪੀ.ਟੀ.ਵੀ.' ਜਿਸ ਦੇ ਉਰਦੂ ਤੇ ਪੰਜਾਬੀ ਡਰਾਮੇ ਸਾਰੇ ਹੀ ਬੜੀ ਦਿਲਚਸਪੀ ਨਾਲ ਵੇਖਦੇ ਹਨ, ਦੀ ਖ਼ੂਬਸੂਰਤ ਇਮਾਰਤ ਅਤੇ ਇਸ ਤੋਂ ਥੋੜ੍ਹੀ ਜਿਹੀ ਦੂਰ 'ਰੇਡੀਓ ਪਾਕਿਸਤਾਨ' ਦੀ ਇਮਾਰਤ ਵੀ ਵੇਖੀ। ਇਕ ਮਾਰਕੀਟ ਵਿੱਚ ਵੀ ਗਏ। ਰੰਗ-ਬਿਰੰਗੀਆਂ ਰੌਸ਼ਨੀਆਂ ਨਾਲ ਸੱਜੇ ਹੋਏ ਕਈ ਖ਼ੂਬਸੂਰਤ ਸ਼ੋਅਰੂਮ ਵੇਖੇ ਪਰ ਉਨ੍ਹਾਂ ਵਿੱਚੋਂ ਖ਼ਰੀਦਦਾਰੀ ਕੋਈ ਨਹੀਂ ਕੀਤੀ। ਲਾਹੌਰ ਦੇ ਮੁਕਾਬਲੇ ਸਾਨੂੰ ਇਹ ਸ਼ਹਿਰ ਮਹਿੰਗਾ ਲੱਗਿਆ, ਸ਼ਾਇਦ ਮੁਲਕ ਦੀ ਰਾਜਧਾਨੀ ਹੋਣ ਕਰਕੇ ਜਾਂ ਇਸ ਦੇ ਕੋਈ ਹੋਰ ਕਾਰਨ ਵੀ ਹੋ ਸਕਦਾ ਹੈ।

ਗੱਡੀ ਵਿੱਚ ਚੱਲਦੇ-ਚੱਲਦੇ ਇਸਲਾਮਾਬਾਦ ਦੇ ਨਾਲ ਲੱਗਦੇ ਸ਼ਹਿਰ ਰਾਵਲਪਿੰਡੀ ਦਾ ਵੀ ਚੱਕਰ ਲਗਾਇਆ। ਇਸਲਾਮਾਬਾਦ ਦੇ ਮੁਕਾਬਲੇ ਇਹ ਰਾਤ ਨੂੰ ਸੁੱਤਾ-ਸੁੱਤਾ ਹੀ ਲੱਗ ਰਿਹਾ ਸੀ। ਸੜਕਾਂ 'ਤੇ ਕੋਈ ਖਾਸ ਰੌਣਕ ਨਹੀਂ ਸੀ। ਇਸ ਲਈ ਇੱਥੋਂ ਜਲਦੀ ਹੀ ਨਿਕਲ ਪਏ। ਇਸਲਾਮਾਬਾਦ ਵਾਪਸ ਆ ਕੇ ਗਿਆਰਾਂ ਕੁ ਵਜੇ ਰਸਤੇ ਵਿੱਚ ਇੱਕ ਰੈਸਟੋਰੈਂਟ 'ਤੇ ਖਾਣਾ ਖਾਧਾ ਅਤੇ ਰਾਤੀਂ ਸਾਢੇ ਗਿਆਰਾਂ ਵਜੇ ਹੋਟਲ ਪਹੁੰਚੇ। ਦਿਨੇਂ ਛੇ-ਸੱਤ ਘੰਟੇ ਸਫ਼ਰ ਵਿਚ ਰਹਿਣ ਕਰਕੇ ਅਤੇ ਫਿਰ ਅੱਧੀ ਰਾਤ ਤੱਕ ਇਸਲਾਮਾਬਾਦ ਘੁੰਮਦੇ ਰਹਿਣ ਕਰਕੇ ਹੋਈ ਥਕਾਵਟ ਕਾਰਨ ਰਾਤ ਨੀਂਦ ਬੜੀ ਗੂੜ੍ਹੀ ਆਈ ।


## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1:
reliable commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
**naeem@decongroup.ca**

# ਮੁੱਖ ਮੰਤਰੀ ਭਗਵੰਤ ਮਾਨ ਦੀ ਹਰਿਆਣਾ ਦੇ ਮੁੱਖ ਮੰਤਰੀ ਨੂੰ ਕੋਰੀ ਨਾਂਹ, ਪੰਜਾਬ ਯੂਨੀਵਰਸਿਟੀ ਵਿੱਚ ਨਹੀਂ ਮਿਲੇਗੀ ਕੋਈ ਹਿੱਸੇਦਾਰੀ

*** ਯੂਨੀਵਰਸਿਟੀ ਦਾ ਦਰਜਾ ਬਦਲਣ ਦੀਆਂ ਕੋਸ਼ਿਸ਼ਾਂ ਨੂੰ ਸੂਬਾ ਸਰਕਾਰ ਬਰਦਾਸ਼ਤ ਨਹੀਂ ਕਰੇਗੀ * ਅਕਾਲੀ ਦਲ ਨੂੰ ਇਸ ਮੁੱਦੇ 'ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਕਿਉਂਕਿ ਉਨ੍ਹਾਂ ਦੇ ਮੁੱਖ ਮੰਤਰੀ ਨੇ ਪੀ.ਯੂ. ਨੂੰ ਕੇਂਦਰੀ ਯੂਨੀਵਰਸਿਟੀ ਵਿਚ ਤਬਦੀਲ ਕਰਨ ਲਈ ਦਿੱਤੀ ਸੀ ਐਨ.ਓ.ਸੀ. * ਇਸ ਮੁੱਦੇ 'ਤੇ ਦੋਹਰੇ ਮਾਪਦੰਡ ਅਪਨਾਉਣ ਲਈ ਕਾਂਗਰਸ ਦੀ ਆਲੋਚਨਾ *ਯੂਨੀਵਰਸਿਟੀ ਦੇ ਸੁਚਾਰੂ ਕੰਮਕਾਜ ਲਈ ਫੰਡਾਂ ਦੀ ਕੋਈ ਕਮੀ ਨਹੀਂ**

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ): ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੂਬੇ ਦੀ ਭਾਵਨਾਤਮਕ, ਸੱਭਿਆਚਾਰਕ, ਸਾਹਿਤ ਅਤੇ ਅਮੀਰ ਵਿਰਾਸਤ ਦਾ ਹਿੱਸਾ ਹੋਣ ਦਾ ਦਾਅਵਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਨੂੰ ਖੇਤਰ ਦੀ ਇਸ ਸਿਖਰਲੀ ਵਿਦਿਅਕ ਸੰਸਥਾ ਯੂਨੀਵਰਸਿਟੀ ਵਿੱਚ ਹਰਿਆਣਾ ਦੇ ਹਿੱਸੇ ਦੀ ਲੋੜ ਨਹੀਂ ਹੈ।

ਇੱਥੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਹਰਿਆਣਾ ਦੇ ਕਿਸੇ ਵੀ ਕਾਲਜ ਨੂੰ ਯੂਨੀਵਰਸਿਟੀ ਤੋਂ ਮਾਨਤਾ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਯੂਨੀਵਰਸਿਟੀ ਦੀ ਸੈਨੇਟ ਵਿੱਚ ਪਿਛਲੇ ਦਰਵਾਜ਼ੇ ਤੋਂ ਦਾਖ਼ਲੇ ਲਈ ਹਰਿਆਣਾ ਦੇ ਕਿਸੇ ਯਤਨ ਨੂੰ ਕਾਮਯਾਬ ਹੋਣ ਦਿੱਤਾ ਜਾਵੇਗਾ।"

ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਦਰਜੇ ਨੂੰ ਬਦਲਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਹਿੱਤਾਂ ਦੇ ਮੱਦੇਨਜ਼ਰ ਸਰਕਾਰ ਅਜਿਹਾ ਬਿਲਕੁਲ ਨਹੀਂ ਹੋਣ ਦੇਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ 175 ਕਾਲਜ ਇਸ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹਨ, ਜਿਸ ਕਾਰਨ ਪੰਜਾਬ ਦੀਆਂ ਕਈ ਪੀੜ੍ਹੀਆਂ ਇਸ ਨਾਲ ਭਾਵਨਾਤਮਕ ਤੌਰ ਉੱਤੇ ਜੁੜੀਆਂ ਹੋਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਪੰਜਾਬ ਅਤੇ ਇਸ ਦੀ ਰਾਜਧਾਨੀ ਚੰਡੀਗੜ੍ਹ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਿੰਦੀ ਹੈ। ਯੂਨੀਵਰਸਿਟੀ ਦੇ ਇਤਿਹਾਸ, ਮੂਲ, ਸਮਾਜਕ-ਸਭਿਆਚਾਰਕ ਤੇ ਇਤਿਹਾਸਕ ਜੜ੍ਹਾਂ ਅਤੇ ਪੰਜਾਬ ਦੇ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਯੂਨੀਵਰਸਿਟੀ ਦਾ ਕਾਨੂੰਨੀ ਤੇ ਪ੍ਰਸ਼ਾਸਕੀ ਦਰਜਾ ਪਹਿਲਾਂ ਵਾਂਗ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਯਾਦ ਕਰਵਾਇਆ ਕਿ ਸਾਲ 1966 ਵਿਚ ਪੰਜਾਬ ਦੇ ਮੁੜ ਗਠਨ ਵੇਲੇ ਇਸ ਯੂਨੀਵਰਸਿਟੀ ਨੂੰ ਪੰਜਾਬ ਪੁਨਰਗਠਨ ਐਕਟ ਦੀ ਧਾਰਾ 72 (1) ਤਹਿਤ 'ਇੰਟਰ ਸਟੇਟ ਬਾਡੀ ਕਾਰਪੋਰੇਟ' ਐਲਾਨਿਆ ਗਿਆ ਸੀ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਨਿਰੰਤਰ ਕੰਮ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਵੰਡ ਤੋਂ ਬਾਅਦ ਇਸ ਨੂੰ ਪੰਜਾਬ ਦੀ ਤਤਕਾਲੀ ਰਾਜਧਾਨੀ ਲਾਹੌਰ ਤਬਦੀਲ ਕੀਤਾ ਗਿਆ, ਉਸ ਪਿੱਛੋਂ ਹੁਸ਼ਿਆਰਪੁਰ ਅਤੇ ਫਿਰ ਪੰਜਾਬ ਦੀ ਮੌਜੂਦਾ ਰਾਜਧਾਨੀ ਚੰਡੀਗੜ੍ਹ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਦਾ ਪੂਰਾ ਅਧਿਕਾਰ-ਖੇਤਰ ਮੁੱਖ ਤੌਰ 'ਤੇ ਪੰਜਾਬ ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 72 ਦੀ ਉਪ ਧਾਰਾ (4) ਅਨੁਸਾਰ, ਯੂਨੀਵਰਸਿਟੀ ਨੂੰ ਰੱਖ-ਰਖਾਅ ਘਾਟੇ ਦੀਆਂ ਗ੍ਰਾਂਟਾਂ ਨੂੰ ਸਬੰਧਤ ਸੂਬਿਆਂ ਭਾਵ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਯੂ.ਟੀ. ਪ੍ਰਸ਼ਾਸਨ ਵਿੱਚ ਕ੍ਰਮਵਾਰ 20:20:20:40 ਦੇ ਅਨੁਪਾਤ ਵਿੱਚ ਸਾਂਝਾ ਅਤੇ ਅਦਾ ਕੀਤਾ ਜਾਣਾ ਸੀ। ਉਨ੍ਹਾਂ ਕਿਹਾ ਕਿ 1970 ਵਿੱਚ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਬੰਸੀ ਲਾਲ ਨੇ ਆਪਣੀ ਮਰਜ਼ੀ ਨਾਲ ਯੂਨੀਵਰਸਿਟੀ ਵਿੱਚੋਂ ਆਪਣੇ ਸੂਬੇ ਦਾ ਹਿੱਸਾ ਵਾਪਸ ਲੈ ਲਿਆ ਸੀ ਅਤੇ 1973 ਵਿੱਚ ਵੀ ਹਰਿਆਣਾ ਨੇ ਆਪਣੇ ਸੈਨੇਟ ਦੇ ਮੈਂਬਰਾਂ ਨੂੰ ਯੂਨੀਵਰਸਿਟੀ ਤੋਂ ਵਾਪਸ ਬੁਲਾ ਲਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਉਦੋਂ ਤੋਂ ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਯੂਨੀਵਰਸਿਟੀ ਨੂੰ ਕ੍ਰਮਵਾਰ 40:60 ਦੇ ਅਨੁਪਾਤ ਵਿੱਚ ਰੱਖ-ਰਖਾਅ ਘਾਟੇ ਦੀਆਂ ਗ੍ਰਾਂਟਾਂ ਦਾ ਭੁਗਤਾਨ ਕਰਨ ਦੀ ਵਿੱਤੀ ਜ਼ੰਮੇਵਾਰੀ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਪਿੱਛੇ ਹਟਣ ਅਤੇ ਸੂਬੇ ਵਿੱਚ ਨਵੀਆਂ ਯੂਨੀਵਰਸਿਟੀਆਂ ਦੀ ਸਿਰਜਣਾ ਕਾਰਨ ਵਧੇ ਵਿੱਤੀ ਬੋਝ ਦੇ ਬਾਵਜੂਦ ਪੰਜਾਬ ਨੇ ਯੂਨੀਵਰਸਿਟੀ ਨਾਲ ਸੂਬਾ ਵਾਸੀਆਂ ਦੀ ਇਤਿਹਾਸਕ ਤੇ ਭਾਵਨਾਤਮਕ ਸਾਂਝ ਯਕੀਨੀ ਬਣਾਈ ਰੱਖਣ ਲਈ ਪੰਜਾਬ ਯੂਨੀਵਰਸਿਟੀ ਨੂੰ ਸਮਰਥਨ ਦੇਣਾ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸੂਬਾ ਸਰਕਾਰ ਨੇ ਯੂਨੀਵਰਸਿਟੀ ਨੂੰ ਹੋਸਟਲਾਂ ਦੀ ਉਸਾਰੀ ਲਈ 49 ਕਰੋੜ ਰੁਪਏ ਦਿੱਤੇ ਹਨ, ਜਦਕਿ ਇਸ ਦੀ ਕੋਈ ਮੰਗ ਵੀ ਨਹੀਂ ਕੀਤੀ ਗਈ ਸੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਯੂਨੀਵਰਸਿਟੀ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀ ਦੇ ਅੰਤਰਰਾਜੀ ਦਰਜੇ ਨੂੰ ਬਰਕਰਾਰ ਰੱਖਣ ਲਈ ਹਰ ਕਦਮ ਚੁੱਕਿਆ ਜਾਵੇਗਾ ਅਤੇ ਕਿਸੇ ਨੂੰ ਵੀ ਇਸ ਵਿੱਚ ਕੋਈ ਤਬਦੀਲੀ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬੇ ਦੇ ਹਿੱਤ ਵਿਕਾਊ ਨਹੀਂ ਹਨ, ਜਿਸ ਨੂੰ ਕੋਈ ਵੀ ਪੈਸੇ ਦੇ ਕੇ ਖ਼ਰੀਦ ਲਵੇਗਾ। ਭਗਵੰਤ ਮਾਨ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਗ੍ਰਾਂਟਾਂ ਦਾ ਹਿੱਸਾ ਦੇਣ ਦੀ ਤਜਵੀਜ਼ ਪੂਰੀ ਤਰ੍ਹਾਂ ਨਾ-ਸਵੀਕਾਰਨਯੋਗ ਅਤੇ ਗ਼ੈਰ-ਵਾਜਬ ਹੈ।

ਮੁੱਖ ਮੰਤਰੀ ਨੇ ਹਰਿਆਣਾ ਦੇ ਵਧੀਕ ਮੁੱਖ ਸਕੱਤਰ ਵੱਲੋਂ ਸੂਬੇ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਨੂੰ ਲਿਖੇ ਪੱਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਨੇ ਇਕ ਪੱਤਰ ਰਾਹੀਂ ਯੂਨੀਵਰਸਿਟੀਆਂ ਨੂੰ ਫੰਡ ਦੇਣ ਤੋਂ ਅਸਮਰੱਥਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਸ ਪੱਤਰ ਵਿੱਚ ਯੂਨੀਵਰਸਿਟੀਆਂ ਨੂੰ ਆਪਣੇ ਪੱਧਰ ਉਤੇ ਵਸੀਲੇ ਜੁਟਾਉਣ ਲਈ ਕਿਹਾ ਗਿਆ ਜਦਕਿ ਦੂਜੇ ਪਾਸੇ ਹਰਿਆਣਾ ਪੰਜਾਬ ਯੂਨੀਵਰਸਿਟੀ ਵਿੱਚ ਹਿੱਸਾ ਪਾਉਣ ਲਈ ਉਤਾਵਲਾ ਹੈ ਜੋ ਇਸ ਸੂਬੇ ਦੇ ਨਾਪਾਕ ਇਰਾਦਿਆਂ ਨੂੰ ਦਰਸਾਉਂਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਕੋਈ ਸੂਬਾ ਜੋ ਆਪਣੀਆਂ ਯੂਨੀਵਰਸਿਟੀਆਂ ਦਾ ਪ੍ਰਬੰਧ ਕਰਨ ਦੇ ਸਮਰੱਥ ਨਹੀਂ ਹੈ, ਉਹ ਪੰਜਾਬ ਯੂਨੀਵਰਸਿਟੀ ਵਰਗੀ ਵੱਡੇ ਰੁਤਬੇ ਵਾਲੀ ਯੂਨੀਵਰਸਿਟੀ ਨੂੰ ਆਪਣੇ ਪੱਲਿਓਂ ਉਦੋਂ ਤੱਕ ਕਿਵੇਂ ਫੰਡ ਦੇ ਸਕਦਾ ਹੈ, ਜਦੋਂ ਤੱਕ ਕੋਈ ਵੱਡੀ ਏਜੰਸੀ ਉਸ ਲਈ ਗੁਪਤ ਤਰੀਕੇ ਨਾਲ ਫੰਡਾਂ ਦੀ ਵਿਵਸਥਾ ਨਹੀਂ ਕਰਦੀ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਹੁਦਾ ਸੰਭਾਲਣ ਤੋਂ ਬਾਅਦ ਕੇਂਦਰੀ ਮੰਤਰੀਆਂ ਅਮਿਤ ਸ਼ਾਹ ਅਤੇ ਧਰਮਿੰਦਰ ਪ੍ਰਧਾਨ ਨੂੰ ਦੋ ਪੱਤਰ ਲਿਖ ਕੇ ਕਿਹਾ ਸੀ ਕਿ ਯੂਨੀਵਰਸਿਟੀ ਸੂਬੇ ਦੀ ਵਿਰਾਸਤ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੰਜਾਬ ਯੂਨੀਵਰਸਿਟੀ ਦੇ ਸਰੂਪ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨੂੰ ਰੋਕਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ, ਪੰਜਾਬ ਦੀ ਵਿਰਾਸੇ ਦਾ ਪ੍ਰਤੀਕ ਹੈ ਅਤੇ ਸੂਬੇ ਦੇ ਨਾਂ ਦਾ ਸਮਾਨਅਰਥੀ ਹੈ।


NEED A LAWYER ??
KAUR LAW OFFICE
Red Seal NOTARY
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਫੀਮੇਲ ਹਾਊਸਕੀਪਰ ਦੀ ਲੋੜ
ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## Matrimonial
### ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.


ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ


## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976


## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

# ਹੜਤਾਲ ਖਤਮ ਕਰਨ ਦੀਆਂ ਖਬਰਾਂ ’ਤੇ ਪਹਿਲਵਾਨਾਂ ਦਾ ਜਵਾਬ, ‘10 ਸਕਿੰਟਾਂ ’ਚ ਛੱਡ ਦੇਵਾਂਗੇ ਨੌਕਰੀ’



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ): ਭਾਰਤੀ ਕੁਸ਼ਤੀ ਮਹਾਸੰਘ (ਡਬਲਿਊਐੱਫਆਈ) ਦੇ ਸਾਬਕਾ ਪ੍ਰਧਾਨ ਅਤੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖਿਲਾਫ 23 ਅਪ੍ਰੈਲ ਤੋਂ ਵਿਰੋਧ ਪ੍ਰਦਰਸ਼ਨ ਕਰ ਰਹੇ ਦਿੱਗਜ ਪਹਿਲਵਾਨ ਸਾਕਸ਼ੀ ਮਲਿਕ, ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਸੋਮਵਾਰ ਨੂੰ ਆਪਣੀ ਨੌਕਰੀ 'ਤੇ ਵਾਪਸ ਆ ਗਏ ਹਨ। ਤਿੰਨੋਂ ਰੇਲਵੇ ਵਿੱਚ ਕੰਮ ਕਰਦੇ ਹਨ। ਇਸ ਗੱਲ ਦੀ ਪੁਸ਼ਟੀ ਰੇਲਵੇ ਪਬਲਿਕ ਰਿਲੇਸ਼ਨ ਦੇ ਡਾਇਰੈਕਟਰ ਜਨਰਲ ਯੋਗੇਸ਼ ਬਵੇਜਾ ਨੇ ਕੀਤੀ। ਹਾਲਾਂਕਿ ਇਸ ਤੋਂ ਥੋੜ੍ਹੀ ਦੇਰ ਬਾਅਦ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਨੇ ਟਵੀਟ ਕੀਤਾ ਕਿ ਉਨ੍ਹਾਂ ਨੂੰ ਨੌਕਰੀਆਂ ਦਾ ਡਰ ਦਿਖਾਇਆ ਜਾ ਰਿਹਾ ਹੈ। ਜੇਕਰ ਲੋੜ ਪਈ ਤਾਂ 10 ਸਕਿੰਟਾਂ ਵਿੱਚ ਨੌਕਰੀ ਛੱਡ ਦੇਵਾਂਗੇ। ਪਹਿਲਵਾਨਾਂ ਨੇ ਧਰਨੇ ਤੋਂ ਹਟਣ ਦੀਆਂ ਖਬਰਾਂ ਨੂੰ ਖਾਰਜ ਕੀਤਾ ਹੈ। ਸਾਕਸ਼ੀ ਮਲਿਕ ਨੇ ਟਵੀਟ ਕਰਕੇ ਅਜਿਹੀਆਂ ਖਬਰਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨਸਾਫ਼ ਮਿਲਣ ਤੱਕ ਸਾਡੀ ਲੜਾਈ ਜਾਰੀ ਰਹੇਗੀ। ਇਸ ਦੇ ਨਾਲ ਹੀ ਬਜਰੰਗ ਪੂਨੀਆ ਨੇ ਇਹ ਵੀ ਕਿਹਾ- "ਐਫਆਈਆਰ ਵਾਪਸ ਲੈਣ ਦੀ ਗੱਲ ਝੂਠੀ ਹੈ। ਸਾਡੀ ਲੜਾਈ ਜਾਰੀ ਰਹੇਗੀ।"

ਇਸ ਦੇ ਨਾਲ ਹੀ ਵਿਨੇਸ਼ ਫੋਗਾਟ ਨੇ ਟਵੀਟ ਕੀਤਾ, "ਜਿਹੜੇ ਲੋਕ ਸਾਡੇ ਮੈਡਲਾਂ ਦੀ ਕੀਮਤ 15-15 ਰੁਪਏ ਦੱਸਦੇ ਹਨ, ਉਹ ਹੁਣ ਸਾਡੀਆਂ ਨੌਕਰੀਆਂ ਦੇ ਪਿੱਛੇ ਲੱਗ ਗਏ ਹਨ। ਸਾਡੀ ਜ਼ਿੰਦਗੀ ਦਾਅ 'ਤੇ ਲੱਗੀ ਹੋਈ ਹੈ। ਉਸ ਦੇ ਸਾਹਮਣੇ ਨੌਕਰੀ ਬਹੁਤ ਛੋਟੀ ਚੀਜ਼ ਹੈ। ਇਨਸਾਫ਼ ਦੇ ਰਾਹ ਵਿੱਚ, ਜੇ ਮੇਰੀ ਨੌਕਰੀ ਕੋਈ ਰੁਕਾਵਟ ਬਣੀ ਤਾਂ ਅਸੀਂ 10 ਸਕਿੰਟ ਵੀ ਨਹੀਂ ਲਗਾਵਾਂਗੇ ਨੌਕਰੀ ਛੱਡਣ ਲਈ।"

ਵਿਨੇਸ਼ ਫੋਗਾਟ ਨੇ ਅੱਗੇ ਲਿਖਿਆ- "ਕੀ ਫਰਜ਼ੀ ਖਬਰਾਂ ਫੈਲਾਉਣ ਵਾਲਿਆਂ ਨੂੰ ਇਸ ਸਦਮੇ ਦਾ ਅਹਿਸਾਸ ਵੀ ਹੈ ਕਿ ਮਹਿਲਾ ਪਹਿਲਵਾਨਾਂ ਕਿਸ ਸਦਮੇ ਵਿੱਚੋਂ ਗੁਜ਼ਰ ਰਹੀਆਂ ਹਨ? ਇਹ ਕਮਜ਼ੋਰ ਮੀਡੀਆ ਦੀਆਂ ਲੱਤਾਂ ਹਨ ਜੋ ਗੁੰਡੇ ਦੇ ਸ਼ਿਕਾਰੀ ਅੱਗੇ ਕੰਬਣ ਲੱਗਦੀਆਂ ਹਨ।’

# ਬਿਹਾਰ ਵਿਚ ਨਿਰਮਾਣਅਧੀਨ ਪੁਲ ਡਿੱਗਿਆ, 1700 ਕਰੋੜ ਦਾ ਸੀ ਪ੍ਰਾਜੈਕਟ



ਪਟਨਾ, 5 ਜੂਨ (ਪੋਸਟ ਬਿਊਰੋ): ਬਿਹਾਰ 'ਚ ਖਗੜੀਆ-ਅਗੁਵਾਨੀ-ਸੁਲਤਾਨਗੰਜ ਵਿਚਕਾਰ 1700 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਿਆ ਪੁਲ ਐਤਵਾਰ ਸ਼ਾਮ 6 ਵਜੇ ਗੰਗਾ ਨਦੀ 'ਚ ਡੁੱਬ ਗਿਆ। ਲੋਕਾਂ ਨੇ ਡਿੱਗਦੇ ਪੁਲ ਨੂੰ ਆਪਣੇ ਮੋਬਾਈਲਾਂ ਵਿੱਚ ਕੈਦ ਕਰ ਲਿਆ। ਚਸ਼ਮਦੀਦਾਂ ਅਨੁਸਾਰ ਇਸ ਤੋਂ ਪਹਿਲਾਂ ਪੁਲ ਦਾ ਇੱਕ ਪਿੱਲਰ ਕਰੀਬ 3-4 ਫੁੱਟ ਤੱਕ ਧਸ ਗਿਆ ਸੀ। ਇਸ ਤੋਂ ਬਾਅਦ ਨਿਰਮਾਣ ਅਧੀਨ ਪੁਲ ਇੱਕ ਪਾਸੇ ਨੂੰ ਝੁਕਣਾ ਸ਼ੁਰੂ ਹੋ ਗਿਆ। ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ ਅਤੇ ਕਈ ਲੋਕ ਕਿਨਾਰੇ ’ਤੇ ਇਕੱਠੇ ਹੋ ਗਏ।

ਰਿਪੋਰਟ ਮੁਤਾਬਕ 10 ਮਿੰਟਾਂ ਦੇ ਅੰਦਰ ਹੀ ਇੱਕ ਪਾਸੇ ਝੁਕਿਆ ਹੋਇਆ ਪੁਲ ਧਮਾਕੇ ਨਾਲ ਗੰਗਾ ਨਦੀ ਵਿੱਚ ਡਿੱਗ ਗਿਆ। ਤਿੰਨ ਸੁਪੋਰਟਾਂ 'ਤੇ ਖੜ੍ਹੀਆਂ 30 ਸਲੈਬਾਂ ਨਦੀ 'ਚ ਡੁੱਬ ਗਈਆਂ ਹਨ। ਪੁਲ ਦੇ ਡਿੱਗਣ ਤੋਂ ਬਾਅਦ ਨਦੀ ਵਿੱਚ ਲਹਿਰਾਂ ਤੇਜ਼ ਹੋ ਗਈਆਂ। ਦਰਿਆ ਦੇ ਕੰਢੇ ਜਾਣ ਲਈ ਕਿਸ਼ਤੀ ਵਿੱਚ ਬੈਠੇ ਲੋਕਾਂ ਨੇ ਕਿਸ਼ਤੀ ਤੋਂ ਛਾਲ ਮਾਰ ਦਿੱਤੀ ਅਤੇ ਆਪਣੀ ਜਾਨ ਬਚਾਉਣ ਲਈ ਭੱਜੇ। ਲੋਕ ਭੱਜ ਕੇ ਕੰਢੇ 'ਤੇ ਕਿਸ਼ਤੀਆਂ ਵੱਲ ਆਏ ਅਤੇ ਲੋਕਾਂ ਅਤੇ ਕਿਸ਼ਤੀ ਨੂੰ ਪਾਣੀ 'ਚੋਂ ਬਾਹਰ ਕੱਢਿਆ। ਲੋਕਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਪੁਲ ਦਾ ਕੁਝ ਹਿੱਸਾ ਡਿੱਗ ਚੁੱਕਾ ਸੀ।

ਦਰਅਸਲ, 23 ਫਰਵਰੀ 2014 ਨੂੰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਗਲਪੁਰ ਦੇ ਸੁਲਤਾਨਗੰਜ ਵਿਖੇ ਅਗਵਾਨੀ ਘਾਟ ਗੰਗਾ ਨਦੀ 'ਤੇ 1710 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਰਗੀ ਪੁਲ ਦਾ ਨੀਂਹ ਪੱਥਰ ਰੱਖਿਆ ਸੀ। ਪੁਲ ਦੀ ਲੰਬਾਈ 3.1 ਕਿਲੋਮੀਟਰ ਸੀ। ਇਸ ਦਾ ਨਿਰਮਾਣ 80% ਪੂਰਾ ਹੋ ਗਿਆ ਸੀ। ਇਸ ਪੁਲ ਦੇ 10, 11 ਅਤੇ 12 ਨੰਬਰ ਦੇ ਖੰਭੇ ਐਤਵਾਰ ਸ਼ਾਮ ਨੂੰ ਡਿੱਗ ਗਏ।

# ਬੱਚੇ ਨੂੰ ਬਚਾਉਣ ਲੱਗਾ ਖੁਦ ਸਮੁੰਦਰ ਵਿਚ ਡੁੱਬਿਆ ਭਾਰਤੀ ਮੂਲ ਦਾ ਨੌਜਵਾਨ



ਕੈਲੀਫੋਰਨੀਆ, 5 ਜੂਨ (ਪੋਸਟ ਬਿਊਰੋ): ਅਮਰੀਕਾ ਦੇ ਕੈਲੀਫੋਰਨੀਆ 'ਚ ਆਪਣੇ 12 ਸਾਲਾ ਬੇਟੇ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਭਾਰਤੀ ਮੂਲ ਦੇ ਅਮਰੀਕੀ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਭਾਰਤੀ-ਅਮਰੀਕੀ ਵਿਅਕਤੀ ਸ੍ਰੀਨਿਵਾਸ ਮੂਰਤੀ ਜੋਨਾਲਗੜਾ ਆਪਣੇ ਨਾਬਾਲਗ ਬੱਚੇ ਨੂੰ ਸਾਂਤਾ ਕਰੂਜ਼ ਕਾਊਂਟੀ ਦੇ ਪੈਂਥਰ ਸਟੇਟ ਬੀਚ 'ਤੇ ਸੈਰ ਕਰਨ ਲਈ ਲੈ ਕੇ ਗਿਆ ਸੀ। ਇੱਥੇ ਉਸ ਦਾ ਬੱਚਾ ਬੀਚ 'ਤੇ ਖੇਡਣ ਲੱਗਾ। ਥੋੜ੍ਹੀ ਦੇਰ ਬਾਅਦ ਉਹ ਲਹਿਰਾਂ ਨਾਲ ਡੂੰਘੇ ਪਾਣੀ ਵਿੱਚ ਪਹੁੰਚ ਗਿਆ।

ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਬੀਤੇ ਸੋਮਵਾਰ ਦੀ ਹੈ। ਵਿਅਕਤੀ ਨੂੰ ਤੈਰਨਾ ਨਹੀਂ ਆਉਂਦਾ ਸੀ, ਉਹ ਆਪਣੇ ਬੱਚੇ ਨੂੰ ਬਚਾਉਣ ਲਈ ਪਾਣੀ ਵਿੱਚ ਚਲਾ ਗਿਆ। ਇਕ ਹੋਰ ਵਿਅਕਤੀ ਉਸ ਦੀ ਮਦਦ ਲਈ ਪਾਣੀ ਵਿਚ ਗਿਆ ਸੀ। ਉਸ ਨੇ ਕਿਸੇ ਤਰ੍ਹਾਂ ਬੱਚੇ ਨੂੰ ਕਿਨਾਰੇ ਵੱਲ ਧੱਕਿਆ, ਪਰ ਤੇਜ਼ ਵਹਾਅ ਕਾਰਨ ਉਹ ਡੂੰਘੇ ਪਾਣੀ ਵਿੱਚ ਚਲਾ ਗਿਆ ਅਤੇ ਡੁੱਬ ਗਿਆ। ਉਸ ਦਾ ਪਰਿਵਾਰ ਬੇਵੱਸ ਹੋ ਕੇ ਸਾਰਾ ਨਜ਼ਾਰਾ ਦੇਖਦਾ ਰਿਹਾ।

ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਬਾਅਦ ਵਿੱਚ ਉਸਨੂੰ ਕੈਲੀਫੋਰਨੀਆ ਹਾਈਵੇ ਪੈਟਰੋਲ ਹੈਲੀਕਾਪਟਰ ਦੁਆਰਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਬੱਚੇ ਨੂੰ ਬਚਾਉਣ 'ਚ ਸ੍ਰੀਨਿਵਾਸ ਦੀ ਮਦਦ ਕਰਨ ਵਾਲਾ ਵਿਅਕਤੀ ਸੁਰੱਖਿਅਤ ਪਾਣੀ 'ਚੋਂ ਬਾਹਰ ਨਿਕਲਣ 'ਚ ਕਾਮਯਾਬ ਰਿਹਾ।

# ਕੈਲੀਫੋਰਨੀਆ ’ਚ ਗੋਲੀਬਾਰੀ ਦੀ ਘਟਨਾ ਵਿਚ ਕਈ ਲੋਕ ਆਏ ਲਪੇਟ ’ਚ




ਕੈਲੀਫੋਰਨੀਆ, 5 ਜੂਨ (ਪੋਸਟ ਬਿਊਰੋ): ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਤਾਜ਼ਾ ਮਾਮਲੇ 'ਚ ਕੈਲੀਫੋਰਨੀਆ ਦੇ ਸਨੀਵੇਲ ਸ਼ਹਿਰ 'ਚ ਗੋਲੀਬਾਰੀ ਦੀ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਇਹ ਘਟਨਾ ਐਤਵਾਰ ਨੂੰ ਵਾਪਰੀ, ਜਦੋਂ ਸ਼ੱਕੀ ਨੇ ਪਰਿਵਾਰ ਦੀ ਕਾਰ 'ਤੇ ਗੋਲੀ ਚਲਾ ਦਿੱਤੀ।

ਅੰਤਰਿਮ ਪੁਲਿਸ ਮੁਖੀ ਬਿਲ ਵੇਗਾਸ ਨੇ ਕਿਹਾ ਕਿ ਤਿੰਨ ਬੱਚਿਆਂ ਸਮੇਤ ਚਾਰ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਚੀਫ ਵੇਗਾਸ ਦੇ ਅਨੁਸਾਰ, ਬੱਚਿਆਂ ਵਿੱਚੋਂ ਕਿਸੇ ਨੂੰ ਵੀ ਜਾਨ-ਲੇਵਾ ਸੱਟਾਂ ਨਹੀਂ ਲੱਗੀਆਂ। ਸਨੀਵੇਲ ਸੈਨ ਫਰਾਂਸਿਸਕੋ ਤੋਂ ਲਗਭਗ 65 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਅਮਰੀਕਾ ਵਿੱਚ ਹਾਲ ਹੀ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਕੁਝ ਸਮਾਂ ਪਹਿਲਾਂ ਟੈਨੇਸੀ ਸੂਬੇ ਦੇ ਇੱਕ ਸਕੂਲ ਵਿੱਚ ਗੋਲੀ ਚੱਲਣ ਦਾ ਵੱਡਾ ਮਾਮਲਾ ਸਾਹਮਣੇ ਆਇਆ ਸੀ। ਜਿੱਥੇ ਇੱਕ ਲੜਕੀ ਸ਼ੂਟਰ ਨੇ ਹਮਲਾ ਕਰ ਦਿੱਤਾ। ਇਸ ਦੌਰਾਨ ਕਈ ਬੱਚਿਆਂ ਸਮੇਤ 6 ਲੋਕਾਂ ਦੀ ਮੌਤ ਹੋ ਗਈ ਸੀ।

ਇਸ ਦੇ ਨਾਲ ਹੀ ਪੁਲਿਸ ਨੇ ਗੋਲੀ ਚਲਾਉਣ ਵਾਲੇ ਨੂੰ ਵੀ ਮਾਰ ਦਿੱਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸ਼ੱਕੀ ਦੀ ਮੌਤ ਨੈਸ਼ਵਿਲ ਦੇ ਇੱਕ ਨਿੱਜੀ ਕ੍ਰਿਸ਼ਚੀਅਨ ਸਕੂਲ ਵਿੱਚ ਹੋਈ ਗੋਲੀਬਾਰੀ ਵਿੱਚ ਹੋਈ। ਇਸ ਤੋਂ ਪਹਿਲਾਂ ਅਮਰੀਕਾ ਦੇ ਅਰਕਨਸਾਸ ਵਿੱਚ ਗੋਲੀਬਾਰੀ ਦੀਆਂ ਦੋ ਵੱਖ-ਵੱਖ ਘਟਨਾਵਾਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ।

# ਉੜੀਸਾ ਰੇਲ ਹਾਦਸੇ ਤੋਂ ਬਾਅਦ ਰੇਲਵੇ ਦੇਸ਼ ਵਿਆਪੀ ਸੁਰੱਖਿਆ ਮੁਹਿੰਮ ਚਲਾਏਗਾ



ਨਵੀਂ ਦਿੱਲੀ, 5 ਜੂਨ (ਪੋਸਟ ਬਿਊਰੋ): ਉੜੀਸਾ ਰੇਲ ਹਾਦਸੇ ਤੋਂ ਬਾਅਦ ਰੇਲਵੇ ਵਿਭਾਗ ਦੇਸ਼ ਭਰ ਵਿੱਚ ਸੇਫਟੀ ਅਭਿਆਨ ਚਲਾਉਣ ਦੀ ਤਿਆਰੀ ਕਰ ਰਿਹਾ ਹੈ। ਰੇਲਵੇ ਨੇ ਇਸ ਸਬੰਧੀ ਹੁਕਮ ਵੀ ਜਾਰੀ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਰੇਲਵੇ ਨੇ ਆਪਣੇ ਹੁਕਮ 'ਚ ਸਿਗਨਲ ਨਾਲ ਜੁੜੀਆਂ ਗੱਲਾਂ ਅਤੇ ਬਾਕੀ ਰੇਲ ਆਵਾਜਾਈ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਦੇਖਣ ਲਈ ਕਿਹਾ ਹੈ। ਉੜੀਸਾ ਰੇਲ ਹਾਦਸੇ ਤੋਂ ਬਾਅਦ ਰਿਲੇਅ ਰੂਮ ਵਿੱਚ ਐਂਟਰੀ ਨੂੰ ਲੈ ਕੇ ਬਹੁਤ ਸਖਤ ਅਤੇ ਸਾਵਧਾਨ ਰਹਿਣ ਦੇ ਆਦੇਸ਼ ਵੀ ਦਿੱਤੇ ਗਏ ਹਨ। ਖਾਸ ਗੱਲ ਇਹ ਹੈ ਕਿ ਰਿਲੇਅ ਰੂਮ ਦੋ ਚਾਬੀਆਂ ਨਾਲ ਖੁੱਲ੍ਹਦਾ ਹੈ। ਇੱਕ ਚਾਬੀ ਸਟੇਸ਼ਨ ਮਾਸਟਰ ਕੋਲ ਹੈ ਅਤੇ ਦੂਜੀ ਚਾਬੀ ਜੇਈ ਕੋਲ ਹੈ, ਉਦਾਹਰਣ ਵਜੋਂ, ਦੋਵਾਂ ਦੀ ਮੌਜੂਦਗੀ ਜ਼ਰੂਰੀ ਹੈ।

ਦੱਸ ਦੇਈਏ ਕਿ ਸਟੇਸ਼ਨ ਦਾ ਰਿਲੇਅ ਰੂਮ ਉਹ ਕਮਰਾ ਹੈ ਜਿੱਥੋਂ ਟਰੈਕ ਦੀ ਇਲੈਕਟ੍ਰੀਕਲ ਸੰਰਚਨਾ ਹੁੰਦੀ ਹੈ। ਭਾਵੇਂ ਇਹ ਇਲੈਕਟ੍ਰਾਨਿਕ ਇੰਟਰਲੌਕਿੰਗ ਜਾਂ ਬਿੰਦੂ ਤੱਕ ਦੀ ਨਿਗਰਾਨੀ ਹੋਵੇ ਜਾਂ ਬਿਜਲੀਕਰਨ ਨਾਲ ਸਬੰਧਤ ਚੀਜ਼ਾਂ, ਰਿਲੇਅ ਰੂਮ ਦੀ ਭੂਮਿਕਾ ਮਹੱਤਵਪੂਰਨ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਇਸ ਹਾਦਸੇ 'ਚ ਜਾਨ ਗਵਾਉਣ ਵਾਲੇ ਲੋਕਾਂ ਦੀਆਂ ਮ੍ਰਿਤਕ ਦੇਹਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਵੱਡਾ ਫੈਸਲਾ ਲਿਆ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਨੇ ਏਅਰਲਾਈਨਜ਼ ਸਲਾਹਕਾਰ ਸਮੂਹ ਨਾਲ ਮੀਟਿੰਗ ਕਰਕੇ ਏਅਰਲਾਈਨਜ਼ ਕੰਪਨੀਆਂ ਨੂੰ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਸ਼ਹਿਰਾਂ ਤੱਕ ਮੁਫਤ ਪਹੁੰਚਾਉਣ ਦੇ ਹੁਕਮ ਦਿੱਤੇ ਹਨ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਭਵਿੱਖ ਵਿੱਚ ਕਿਸੇ ਖੇਤਰ ਵਿੱਚ ਆਫ਼ਤ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਏਅਰਲਾਈਨ ਕੰਪਨੀਆਂ ਉਸ ਸ਼ਹਿਰ ਵਿੱਚ ਆਉਣ-ਜਾਣ ਵਾਲੀਆਂ ਉਡਾਣਾਂ ਲਈ ਟਿਕਟਾਂ ਦੀ ਕੀਮਤ ’ਤੇ ਨਜ਼ਰ ਰੱਖਣ। ਅਤੇ ਮਨੁੱਖੀ ਆਧਾਰ 'ਤੇ ਕਿਸੇ ਵੀ ਕੀਮਤ 'ਤੇ ਟਿਕਟਾਂ ਦੀਆਂ ਕੀਮਤਾਂ ਵਧਾਉਣ ਤੋਂ ਬਚਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

# ਬਾਲਾਸੋਰ ਰੇਲ ਹਾਦਸੇ 'ਚ ਰੇਲਵੇ ਐਕਟ ਦੇ ਤਹਿਤ ਮਾਮਲਾ ਦਰਜ



ਉੜੀਸਾ, 5 ਜੂਨ (ਪੋਸਟ ਬਿਊਰੋ): ਉੜੀਸਾ ਦੇ ਬਾਲਾਸੋਰ ਵਿੱਚ ਹੋਏ ਰੇਲ ਹਾਦਸੇ ਦੇ ਸਬੰਧ ਵਿੱਚ ਪੁਲਿਸ ਨੇ ਐਫਆਈਆਰ ਦਰਜ ਕਰ ਲਈ ਹੈ। ਵੱਖ-ਵੱਖ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਨੇ ਰੇਲਵੇ ਐਕਟ ਤਹਿਤ ਵੀ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਕਟਕ ਵਿੱਚ ਸਰਕਾਰੀ ਰੇਲਵੇ ਪੁਲਿਸ (ਜੀਆਰਪੀ) ਵੱਲੋਂ ਹਾਦਸੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਰੇਲਵੇ ਐਕਟ ਦੀ ਧਾਰਾ 153, 154 ਅਤੇ 175 ਦੇ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ। ਬਾਲਾਸੋਰ ਜੀਆਰਪੀਐਸ ਦੇ ਐਸਆਈ ਪਾਪੂ ਕੁਮਾਰ ਨਾਇਕ ਦੀ ਸ਼ਿਕਾਇਤ ਤੋਂ ਬਾਅਦ ਐਫਆਈਆਰ ਦਰਜ ਕੀਤੀ ਗਈ ਸੀ।

ਦੱਖਣ ਪੂਰਬੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ (ਸੀਪੀਆਰਓ) ਆਦਿਤਿਆ ਚੌਧਰੀ ਨੇ ਦੱਸਿਆ ਕਿ ਦੋਵੇਂ ਲੋਕੋ ਪਾਇਲਟਾਂ ਦੀ ਹਾਲਤ ਸਥਿਰ ਹੈ। ਮੋਹੰਤੀ ਨੂੰ ਆਈਸੀਯੂ ਤੋਂ ਬਾਹਰ ਲਿਆਂਦਾ ਗਿਆ ਹੈ। ਬੇਹਰਾ ਦੇ ਸਿਰ ਦਾ ਆਪਰੇਸ਼ਨ ਕੀਤਾ ਜਾਵੇਗਾ। ਦੋਵੇਂ ਲੋਕੋ ਪਾਇਲਟਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਥਿਤੀ ਦੇ ਮੱਦੇਨਜ਼ਰ ਉਨ੍ਹਾਂ ਦੀ ਨਿੱਜਤਾ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਦੋਵਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਬੀਤੀ ਰਾਤ ਪ੍ਰਭਾਵਿਤ ਖੇਤਰ ਨੂੰ ਬਹਾਲ ਕਰ ਦਿੱਤਾ ਗਿਆ, ਜਿਸ ਤੋਂ ਬਾਅਦ 50-60 ਰੇਲ ਗੱਡੀਆਂ ਉਥੋਂ ਲੰਘੀਆਂ। ਸਥਿਤੀ ਤੇਜ਼ੀ ਨਾਲ ਆਮ ਵਾਂਗ ਹੋ ਰਹੀ ਹੈ। ਅਸੀਂ ਯਾਤਰੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਬਾਲਾਸੋਰ ਰੇਲ ਹਾਦਸੇ ਦੀ ਸੀਬੀਆਈ ਜਾਂਚ ਨੂੰ ਲੈ ਕੇ ਵਿਰੋਧੀ ਧਿਰ ਦੀ ਆਲੋਚਨਾ ਦੇ ਵਿਚਕਾਰ, ਸਰਕਾਰੀ ਸੂਤਰਾਂ ਨੇ ਸੋਮਵਾਰ ਨੂੰ ਕਿਹਾ ਕਿ ਸਿਸਟਮ ਵਿੱਚ ਜਾਣਬੁੱਝ ਕੇ ਹੇਰਾਫੇਰੀ ਕੀਤੀ ਗਈ ਸੀ। ਸ਼ੁਰੂਆਤੀ ਜਾਂਚ ਦੌਰਾਨ ਸਾਹਮਣੇ ਆਈ ਜਾਣਕਾਰੀ ਤੋਂ ਬਾਅਦ ਕਿਸੇ ਪੇਸ਼ੇਵਰ ਏਜੰਸੀ ਤੋਂ ਜਾਂਚ ਕਰਵਾਉਣ ਦੀ ਲੋੜ ਹੈ। ਇਸ ਘਟਨਾ ਦੀ ਸੀਬੀਆਈ ਜਾਂਚ ਕਰਵਾਉਣ 'ਤੇ ਉਠਾਏ ਸਵਾਲਾਂ ਦੇ ਜਵਾਬ 'ਚ ਰੇਲਵੇ ਸੁਰੱਖਿਆ ਕਮਿਸ਼ਨਰ (ਸੀਆਰਐੱਸ) ਪਹਿਲਾਂ ਹੀ ਘਟਨਾ ਦੀ ਜਾਂਚ ਕਰ ਰਹੇ ਸਨ, ਇਕ ਅਧਿਕਾਰੀ ਨੇ ਸੰਕੇਤ ਦਿੱਤਾ ਕਿ ਮੁਢਲੀ ਜਾਂਚ ਤੋਂ ਬਾਅਦ ਜੋ ਕੁਝ ਸਾਹਮਣੇ ਆਇਆ ਹੈ, ਉਸ ਦੇ ਮੱਦੇਨਜ਼ਰ ਹੋਰ ਡੂੰਘਾਈ ਨਾਲ ਜਾਂਚ ਦੀ ਲੋੜ ਹੋਵੇਗੀ।

# ਜਿੰਪਾ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਸਾਰੀਆਂ ਯੋਜਨਾਵਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਦੇ ਨਿਰਦੇਸ਼

* ਮੀਟਿੰਗ ਦੌਰਾਨ ਕਾਰਗੁਜ਼ਾਰੀ ਵਿੱਚ ਤੇਜੀ ਲਿਆਉਣ ਦੀ ਕੀਤੀ ਹਦਾਇਤ * ਵਿਭਾਗ ਦੇ ਮੁੱਖ ਦਫਤਰ ਅਤੇ ਸਾਰੇ ਸਟਾਫ ਨੂੰ ਪਟਿਆਲਾ ਤੋਂ ਐਸ।ਏ।ਐਸ ਨਗਰ ਵਿਖੇ ਤਬਦੀਲ ਕਰਨ ਦੇ ਖਦਸ਼ੇ ਨੂੰ ਕੀਤਾ ਰੱਦ



ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ): ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਸ੍ਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਇਥੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਪਟਿਆਲਾ ਸਥਿਤ ਮੁੱਖ ਦਫਤਰ ਦੇ ਮੁਲਾਜ਼ਮਾਂ ਨਾਲ ਮੀਟਿੰਗ ਦੌਰਾਨ ਵਿਭਾਗ ਦੀਆਂ ਸਾਰੀਆਂ ਯੋਜਨਾਵਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਇੰਨ੍ਹਾਂ ਮੁਲਾਜ਼ਮਾਂ ਵੱਲੋਂ ਵਿਭਾਗ ਦੇ ਮੁੱਖ ਦਫਤਰ ਅਤੇ ਸਾਰੇ ਸਟਾਫ ਨੂੰ ਪਟਿਆਲਾ ਤੋਂ ਐਸ।ਏ।ਐਸ ਨਗਰ ਵਿਖੇ ਤਬਦੀਲ ਕਰਨ ਦੇ ਜਾਹਿਰ ਕੀਤੇ ਗਏ ਖਦਸ਼ੇ ਨੂੰ ਵੀ ਸ੍ਰੀ ਜਿੰਪਾ ਨੇ ਮੁੱਢੋਂ ਰੱਦ ਕੀਤਾ।

ਇਥੇ ਪੰਜਾਬ ਭਵਨ ਵਿਖੇ ਹੋਈ ਇਸ਼ ਮੀਟਿੰਗ ਦੌਰਾਨ ਸ੍ਰੀ ਬ੍ਰਮ ਸ਼ੰਕਰ ਜਿੰਪਾ ਨੇ ਮੁੱਖ ਦਫਤਰ ਵਿਖੇ ਤੈਨਾਤ ਮੁਲਾਜ਼ਮਾਂ ਨੂੰ ਆਪਣੀ ਕਾਰਗੁਜ਼ਾਰੀ ਵਿੱਚ ਵੀ ਤੇਜੀ ਲਿਆਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸੂਬੇ ਦੇ ਲੋਕਾਂ ਨੂੰ ਬੇਹਤਰ ਸੇਵਾਵਾਂ ਮੁਹੱਈਆ ਕਰਨ ਲਈ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਨੂੰ ਮੁਕੰਮਲ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਵਿਭਾਗ ਦੇ ਮੁਲਾਜ਼ਮਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਨੇ ਕਿਹਾ ਕਿ ਮੁਲਾਜਮ ਆਪਣੇ ਕਿਸੇ ਵੀ ਮਸਲੇ ਦੇ ਹੱਲ ਲਈ ਉਨ੍ਹਾਂ ਨਾਲ ਮੁਲਾਕਾਤ ਕਰ ਸਕਦੇ ਹਨ। ਉਨ੍ਹਾਂ ਇਸ ਗੱਲ ਦਾ ਸਖਤ ਨੋਟਿਸ ਲਿਆ ਕਿ ਤਰਸ ਦੇ ਆਧਾਰ ’ਤੇ ਨੌਕਰੀਆਂ ਦੇ 95 ਕੇਸ ਮੁੱਖ ਦਫ਼ਤਰ ਵਿਖੇ ਲੰਬੇ ਸਮੇਂ ਤੋਂ ਲਟਕ ਰਹੇ ਹਨ ਅਤੇ ਇਸ ਤੋਂ ਇਲਾਵਾ ‘ਸੀ’ ਅਤੇ ‘ਡੀ’ ਸ਼੍ਰੇਣੀਆਂ ਦੇ ਕਰਮਚਾਰੀਆਂ ਦੀਆਂ ਤਰੱਕੀਆਂ ਨਾਲ ਸਬੰਧਤ ਕੇਸ ਵੀ ਬਕਾਇਆ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਮੁੱਖ ਦਫਤਰ ਦੇ ਮੁਲਾਜ਼ਮਾਂ ਨੂੰ ਅਜਿਹੇ ਸਾਰੇ ਮਾਮਲਿਆਂ ਵਿੱਚ ਵੀ ਤੇਜੀ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਮੁੱਖ ਦਫਤਰ ਦੇ ਮੁਲਾਜ਼ਮਾਂ ਦੇ ਇਸ ਖਦਸ਼ੇ ਨੂੰ ਕਿ ਮੁੱਖ ਦਫਤਰ ਅਤੇ ਸਾਰੇ ਸਟਾਫ ਨੂੰ ਪਟਿਆਲਾ ਤੋਂ ਐਸ।ਏ।ਐਸ ਨਗਰ ਵਿਖੇ ਤਬਦੀਲ ਕੀਤਾ ਜਾ ਰਿਹਾ ਹੈ, ਨੂੰ ਰੱਦ ਕਰਦਿਆਂ ਸ੍ਰੀ ਜਿੰਪਾ ਨੇ ਕਿਹਾ ਕਿ ਮੁਹਾਲੀ ਵਿਖੇ ਜਲ ਭਵਨ ਦੀ ਬਨਾਉਣ ਦੀ ਤਜਵੀਜ਼ ਹੈ ਜਿੱਥੇ ਵਿਭਾਗ ਦੇ ਮੁਖੀ ਦੇ ਫੇਸ 2 ਵਿਖੇ ਸਥਿਤ ਦਫਤਰ ਨੂੰ ਤਬਦੀਲ ਕੀਤਾ ਜਾਣਾ ਹੈ । ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕਾਨਫਰੰਸ ਹਾਲ ਬਨਾਉਣ ਅਤੇ ਵਿਭਾਗ ਦੀਆਂ ਕਾਰਗੁਜ਼ਾਰੀਆਂ ਦੀ ਪੇਸ਼ਕਾਰੀ ਕੀਤੇ ਜਾਣ ਦੇ ਨਾਲ-ਨਾਲ ਵਿਭਾਗ ਨਾਲ ਸਬੰਧਤ ਕਾਰਜ ਵਾਸਤੇ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਆਉਣ ਵਾਲੀਆਂ ਹਸਤੀਆਂ ਨਾਲ ਮੀਟਿੰਗ ਅਤੇ ਅਜਿਹੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਪ੍ਰਬੰਧ ਕੀਤਾ ਜਾਵੇਗਾ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਡੀ।ਕੇ। ਤਿਵਾਰੀ ਅਤੇ ਵਿਸ਼ੇਸ਼ ਸਕੱਤਰ ਜਨਾਬ ਮੁਹੰਮਦ ਇਸ਼ਫਾਕ ਵੀ ਹਾਜ਼ਰ ਸਨ।

# ਕਿੰਗ ਚਾਰਲਸ ਨੇ ਰੇਲ ਹਾਦਸੇ ’ਤੇ ਰਾਸ਼ਟਰਪਤੀ ਨੂੰ ਭੇਜਿਆ ਸ਼ੋਕ ਸੰਦੇਸ਼

* ਆਪਣੀ 1980 ਦੀ ਉੜੀਸਾ ਯਾਤਰਾ ਨੂੰ ਕੀਤਾ ਯਾਦ ਕੀਤਾ



ਲੰਡਨ, 5 ਜੂਨ (ਪੋਸਟ ਬਿਊਰੋ): ਬ੍ਰਿਟੇਨ ਦੇ ਰਾਜਾ ਚਾਰਲਸ ਤੀਜੇ ਨੇ ਸੋਮਵਾਰ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਸ਼ੋਕ ਸੰਦੇਸ਼ ਭੇਜਿਆ। ਇਸ 'ਚ ਉਨ੍ਹਾਂ ਨੇ ਉੜੀਸਾ ਦੇ ਬਾਲਾਸੋਰ 'ਚ ਹੋਏ ਰੇਲ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਸੰਦੇਸ਼ ਵਿੱਚ ਰਾਜਾ ਚਾਰਲਸ ਨੇ 43 ਸਾਲ ਪਹਿਲਾਂ ਆਪਣੇ ਉੜੀਸਾ ਦੌਰੇ ਨੂੰ ਵੀ ਯਾਦ ਕੀਤਾ।

ਬਕਿੰਘਮ ਪੈਲੇਸ ਵੱਲੋਂ ਜਾਰੀ ਬਿਆਨ ਵਿੱਚ ਚਾਰਲਸ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਮੇਰੀ ਪਤਨੀ ਮਹਾਰਾਣੀ ਕੈਮਿਲਾ ਅਤੇ ਮੈਂ ਦੋਵੇਂ ਬਾਲਾਸੋਰ ਹਾਦਸੇ ਦੀ ਖ਼ਬਰ ਤੋਂ ਦੁਖੀ ਹਾਂ। ਮੈਂ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ। ਭਾਰਤ ਅਤੇ ਭਾਰਤੀਆਂ ਦਾ ਸਾਡੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਹੈ। ਮੇਰੇ ਕੋਲ 1980 ਵਿੱਚ ਉੜੀਸਾ ਦਾ ਦੌਰਾ ਕਰਨ ਅਤੇ ਉੱਥੇ ਦੇ ਕੁਝ ਲੋਕਾਂ ਨੂੰ ਮਿਲਣ ਦੀਆਂ ਯਾਦਾਂ ਅਜੇ ਵੀ ਹਨ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਵਿਦੇਸ਼ ਸਕੱਤਰ ਜੇਮਸ ਕਲੇਵਰਲੇ ਨੇ ਵੀ ਹਾਦਸੇ ਵਿਚ ਮਾਰੇ ਗਏ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਬਚਾਅ ਕਾਰਜ 'ਚ ਲੱਗੇ ਲੋਕਾਂ ਦੀ ਸ਼ਲਾਘਾ ਕੀਤੀ ਹੈ। ਕਿੰਗ ਚਾਰਲਸ -3 ਦਾ ਬਿਆਨ ਸ਼ਾਹੀ ਪਰਿਵਾਰ ਦੇ ਸਾਰੇ ਸੋਸ਼ਲ ਮੀਡੀਆ ਖਾਤਿਆਂ 'ਤੇ ਵੀ ਜਾਰੀ ਕੀਤਾ ਗਿਆ ਹੈ।

# ਕੈਬਿਨਟ ਮੰਤਰੀ ਅਨਮੋਲ ਗਗਨ ਮਾਨ ਨੇ ਖਰੜ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

ਚੰਡੀਗੜ੍ਹ, 5 ਜੂਨ (ਪੋਸਟ ਬਿਊਰੋ): ਪੰਜਾਬ ਦੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ, ਲੇਬਰ, ਨਿਵੇਸ਼ ਪ੍ਰੋਤਸਾਹਨ ਅਤੇ ਪ੍ਰਾਹੁਣਚਾਰੀ ਮੰਤਰੀ ਅਨਮੋਲ ਗਗਨ ਮਾਨ ਨੇ ਸੋਮਵਾਰ ਨੂੰ ਖਰੜ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ ਦਾ ਜਾਇਜਾ ਲਿਆ। ਇਸ ਮੌਕੇ ਖਰੜ ਦੇ ਵਸਨੀਕਾਂ ਨੇ ਅਪਣੀਆਂ ਵੱਖ ਵੱਖ ਮੁਸਕਲਾਂ ਬਾਰੇ ਮੰਤਰੀ ਨੂੰ ਜਾਣੂੰ ਕਰਵਾਇਆ। ਮੰਤਰੀ ਨੇ ਲੋਕਾਂ ਦੀ ਮੁਸਕਲਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਬਹੁਤੀਆਂ ਸਮੱਸਿਆਵਾਂ ਨੂੰ ਮੌਕੇ ਤੇ ਹੀ ਹੱਲ ਕਰ ਦਿੱਤਾ। ਇਸ ਤੋਂ ਇਲਾਵਾ ਰਹਿੰਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਜਲਦੀ ਕਾਰਵਾਈ ਕਰਨ ਲਈ ਕਿਹਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਖਰੜ ਹਲਕੇ ਦਾ ਵਿਕਾਸ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਯਤਨ ਕੀਤੇ ਜਾ ਰਹੇ ਹਨ । ਖਰੜ ਸ਼ਹਿਰ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਖਰੜ ਸ਼ਹਿਰ ਦੇ ਬਰਸਾਤੀ ਪਾਣੀ ਦੇ ਨਿਕਾਸ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ ਜਿਸ ਨਾਲ ਬਰਸਾਤ ਦੇ ਮੌਸਮ ਵਿਚ ਲੋਕਾਂ ਦੇ ਘਰਾਂ ਵਿੱਚ ਪਾਣੀ ਨਹੀਂ ਜਾਵੇਗਾ।

ਮੰਤਰੀ ਨੇ ਖਰੜ ਸ਼ਹਿਰ ਵਿੱਚ ਪਾਣੀ ਦੀ ਕਿੱਲਤ ਸਬੰਧੀ ਬੋਲਦਿਆਂ ਕਿਹਾ ਕਿ ਖਰੜ ਸ਼ਹਿਰ ਨੂੰ ਨਹਿਰੀ ਪਾਣੀ ਦੇਣ ਦਾ ਪ੍ਰੋਜੈਕਟ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ ਜਿਸ ਨੂੰ ਬਹੁਤ ਜਲਦੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾ ਕਿਹਾ ਖਰੜ ਸਹਿਰ ਦੇ ਜੋਨ ਏ ਨੂੰ ਪਾਣੀ ਦੀ ਸਪਲਾਈ ਜਲਦੀ ਸ਼ੁਰੂ ਹੋ ਜਾਵੇਗੀ। ਉਨਾਂ ਦੱਸਿਆ ਕਿ ਖਰੜ ਸਹਿਰ ਵਿੱਚ 5 ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਦਾ ਕੰਮ ਜਲਦੀ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖਰੜ ਸ਼ਹਿਰ ਵਿੱਚ 6 ਟਿਊਬਵੈਲ ਜੋ ਕਿ ਪਿੱਛਲੇ ਤਿੰਨ ਸਾਲਾਂ ਤੋ ਜਨਰੇਟਰ ਤੋ ਚਲ ਰਹੇ ਹਨ, ਇਨ੍ਹਾਂ ਟਿਊਬਵੈਲ ਲਈ ਬਿਜਲੀ ਦਾ ਕੁਨੈਕਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਹੋਰ 6 ਨਵੇਂ ਟਿਊਬਵੈਲ ਲਗਾਉਣ ਲਈ ਵੀ ਟੈਂਡਰ ਹੋ ਪ੍ਰਕਾਸ਼ਿਤ ਹੋ ਚੁੱਕੇ ਹਨ ਜਿਸ ਦੀ ਕਾਰਵਾਈ ਜਲਦੀ ਮੁਕੰਮਲ ਕਰ ਲਈ ਜਵੇਗੀ।



